ISSN 0972-2335

# ਅੰਮ੍ਰਿਤ ਕੀਰਤਨ



guru nanak dev jee

ਨਵੰਬਰ 2023

ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਰੱਬ ਇੱਕ ਪਰ ਨਾਮ ਲੱਖਾਂ

ਕਿਸੇ ਰਾਮ ਕਹਿਆ, ਤੇ ਰਹੀਮ ਕਿਸੇ,
ਕਿਸੇ ਕਹਿਆ ਹੈ ਪਾਕ ਖ਼ੁਦਾਏ ਸਾਡਾ ।

ਕਿਸੇ ਈਸ਼ਵਰੀ ਸ਼ੋਭਾ ਦਿੱਤੀ ਉਹਨੂੰ।
ਕੋਈ ਵਾਹਿਗੁਰੂ ਕਹੇ ਅਲਾਇ ਸਾਡਾ ।

ਕਿਸੇ ਗਾਡ ਭਗਵਾਨ ਕਹਿ ਸਿਮਰਿਆ ਏ,
ਕਾਰਨ ਕਰਨ ਵਾਲਾ ਉਹ ਸਬਾਇ ਸਾਡਾ ।

ਹਰੇ ਹਰੇ ਦਾ ਕੋਈ ਹੈ ਜਾਪ ਕਰਦਾ,
ਸਾਜਨਹਾਰ ਉਹੀ ਹੈ ਜਤਾਇ ਸਾਡਾ ।

ਅਸਲ ਚੀਜ਼ ਇਕੋ ਸਭ ਦੇ ਮੰਨਣ ਵਾਲੀ,
ਭਾਂਤ ਭਾਂਤ ਦੀਆਂ ਬੋਲਣ ਬੋਲੀਆਂ ਨੇ ।

ਜੇਕਰ ਸੱਚ ਪੁੱਛੋ ਤਾਂ ਮੈਂ ਆਖਦਾ ਹਾਂ,
ਚਾਰੇ ਜਾਣ ਕੌਮਾਂ ਵਾਰੀ ਘੋਲੀਆਂ ਨੇ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

## ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvhrV 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਰੱਬ ਇੱਕ ਪਰ ਨਾਮ ਲੱਖਾਂ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ — ਟਾ-2

ਸੰਪਾਦਕੀ : ਕਰਉ ਬੇਨੰਤੀਆ -
ਰਾਗ ਮਸਤ -ਕੀਰਤਨ ਮਸਤ — 2

ਮੇਰਾ ਨਾਨਕ ਇਕੱਲਾ ਰਹਿ ਗਿਆ ਹੈ!
ਵਰਿਆਮ ਸਿੰਘ ਸੰਧੂ — 4

ਗੁਰੂ ਨਾਨਕ ਬਾਣੀ : ਰਾਗ-ਪ੍ਰਬੰਧ ਦੀ ਵੰਨਸੁਵੰਨਤਾ
ਡਾ.ਚਮਕੌਰ ਸਿੰਘ — 10

ਭਾਈ ਗੁਰਦਾਸ ਦੀ ਦ੍ਰਿਸ਼ਟੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ
ਪ੍ਰੋ. ਨਵ ਸੰਗੀਤ ਸਿੰਘ — 14

ਭਾਈ ਮਰਦਾਨਾ ਜੀ ਦਾ ਗੁਰਮਤਿ ਸੰਗੀਤ ਨੂੰ ਯੋਗਦਾਨ
ਅਜੈ ਪਾਲ ਸਿੰਘ ਚਵਿੰਡਾ — 18

ਰਾਗ ਸ਼ੁੱਧ ਸਾਰੰਗ (ਸੁਰ ਲਿਪੀ)
ਸ. ਗੁਰਬਖਸ਼ ਸਿੰਘ — 20, ਟਾ-3


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਰਾਗ ਮਸਤ -ਕੀਰਤਨ ਮਸਤ

ਭਾਈ ਵੀਰ ਸਿੰਘ ਜੀ ਦੇ ਗੁਰੂ ਨਾਨਕ ਚਮਤਕਾਰ ਵਿੱਚ ਲਿਖੇ ਇਕ ਪ੍ਰਸੰਗ ਵਿੱਚ ਭਾਈ ਝੰਡਾ ਅਤੇ ਭਾਈ ਮਰਦਾਨਾ ਜੀ ਦੇ ਵਾਰਤਾਲਾਪ ਵਿੱਚ ਦਿੱਤੇ ਕੀਰਤਨ ਸਬੰਧੀ ਵਿਚਾਰਾਂ ਨੂੰ ਅੰਮ੍ਰਿਤ ਕੀਰਤਨੋ ਦੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।

ਝੰਡਾ-ਤੁਸੀਂ, ਅੱਠ ਪਹਿਰ ਨੂਰ ਕੋਲ ਰਹਿਣ ਵਾਲੇ ਨੂਰ ਸ਼ਾਹ ਦੇ ਅੰਧਕਾਰ ਕਿਵੇਂ ਜਾ ਫਸੇ?

ਮਰਦਾਨਾ-ਮੈਂ ਪਿਛੋਂ ਤਪਹੀਣਾ ਹਾਂ, ਜਾਤ ਮੇਰੀ ਨੀਵੀਂ ਹੈ, ਸੁਹਬਤ ਬੀ ਪਹਿਲੇ ਰੱਬ ਦੇ ਪਿਆਰਿਆਂ ਦੀ ਨਹੀਂ ਸੀ, ਨਾ ਹੀ ਕਿਸੇ ਗੁਣ ਦਾ ਤਾਣ ਮੇਰੇ ਅੰਦਰ ਸੀ। ਆਪਣੀ ਮਿਹਰ ਦੇ ਤਾਣ ਦਾਤਾ ਜੀ ਨੇ ਮੇਰੀ ਉਂਗਲ ਫੜੀ, ਮੈਨੂੰ ਮੇਰੀ-ਤਾ ਨਾ ਰੀ ਰੀ - ਤੇ ਪ੍ਰਸੰਨ ਹੋ ਕੇ ਆਪਣਾ ਸਾਥੀ ਬਣਾ ਲਿਆ। ਝੂਠੀਆਂ ਵਾਰਾਂ ਤੇ ਕੁਸ਼ਾਮਦਾਂ ਦੇ ਗੀਤ ਗਾਉਣ ਵਾਲੇ ਨੂੰ ਨਿਰੰਕਾਰ ਦਾ ਕੀਰਤਨੀਆਂ ਤੇ ਸੱਚ ਦੇ ਸੋਹਿਲੇ ਗਾਉਣ ਵਾਲਾ ਬਣਾ ਲਿਆ। ਮੈਂ ਆਪਣੇ ਆਪ ਵਿੱਚ ਨਿਤਾਣਾ ਬੋਟ ਹਾਂ, ਦਾਤੇ ਦੇ ਖੰਭਾਂ ਨਾਲ ਉਡਦਾ ਹਾਂ। ਜਦੋਂ ਮੈਂ ਆਪੇ ਵਿਚ ਆ ਜਾਵਾਂ ਮੈਂ ਨਿਤਾਣਾ ਹੋਣ ਕਰਕੇ ਔਖਾਂ ਹੁੰਦਾਂ ਹਾਂ, ਪਰ ਉਹ ਅਕਾਰਣ ਪ੍ਰੇਮ ਕਰਨ ਵਾਲਾ ਆਪਣੇ ਤਾਣ ਨਾਲ ਉਭਾਰਦਾ ਹੈ। ਸੱਜਣਾ,ਮੈਨੂੰ ਰਾਗ ਦਾ ਠਰਕ ਬਾਹਲਾ ਹੈ, ਭੁੱਖ ਦੇ ਹੋਟੇ ਮੈਂ ਥੱਕਾ ਮਾਂਦਾ ਨੂੰਰ ਸ਼ਾਹ ਦੇ ਦੁਆਰੇ ਜਾ ਖੜੋਤਾ ਉਸ ਅਚਰਜ ਰੰਗ ਦੀ ਗਵਾਈ ਤੇ ਸਾਜ਼ਾਂ ਦੀ ਨਿਪੁਨ ਵਜੰਤ੍ਰੀ ਨਾਲ ਮੈਨੂੰ ਰਾਗ ਮਸਤ ਕਰ ਲਿਆ। ਗੁਰੂ ਨਾਨਕ ਨੇ ਮੈਨੂੰ ਕੀਰਤਨ ਮਸਤ ਕੀਤਾ ਸੀ,ਇਸ ਵੇਲੇ ਅਡੋਲ ਹੀ ਕੀਰਤਨ ਤੋਂ ਭੁੱਲ ਕੇ ਰਾਗ-ਮਸਤ ਹੋ ਗਿਆ। ਐਉਂ ਮੈਂ ਨਿਤਾਣਾ ਆਪਣੇ ਤਾਣ ਆ ਕੇ ਫਸ ਗਿਆ,ਮੈਂ ਮਾਨੋ ਬੋਟ ਹੋ ਗਿਆ, ਦਾਤੇ ਦੇ ਖੰਭ ਵਿਸਾਰ ਦਿੱਤੇ, ਪਰ ਮਿਹਰਾਂ ਤੇ ਪਿਆਰਾਂ ਵਾਲੇ ਨੇ ਇਸ ਬੋਟ ਨੂੰ ਫੇਰ ਪਿੰਜਰਿਓਂ ਕੱਢ ਕੇ ਤੇ ਆਪਣੇ ਖੰਭ ਲਾ ਕੇ ਆਪਣੀ ਚਰਨ ਸ਼ਰਨ ਅਰਸ਼ਾਂ ਵਿਚ ਉਡਾ ਲਿਆ।

ਝੰਡਾ- ਮੈਂ ਰਾਗ-ਮਸਤ ਤੇ ਕੀਰਤਨ-ਮਸਤ ਦਾ ਫਰਕ ਨਹੀਂ ਸਮਝਿਆ।

ਮਰਦਾਨਾ-(ਮੁਸਕਰਾ ਕੇ) - ਰਾਗ ਇਕ ਵਿਦਿਆ ਹੈ, ਰਾਗ ਇਕ ਗੁਣ ਤੇ ਹੁਨਰ ਹੈ। ਜਿਸ ਵਿੱਚ ਦਿਲ ਵਲਵਲੇ ਦੇ ਦੇਸ਼ ਜਾਂਦਾ ਹੈ। ਰਾਗ ਇਕ ਬੋਲੀ ਹੈ ਜੋ ਕਵਿਤਾ ਤੋਂ ਭੀ ਸੂਖਮ ਹੈ,ਰਾਗ ਇਕ ਚਿਤ੍ਰਕਾਰੀ ਹੈ ਜੋ ਪੱਥਰ ਦੀ ਸ਼ਿਲਪਕਾਰੀ ਤੇ ਰੰਗ ਦੀ ਮੁਸੱਵਰੀ ਤੋਂ ਬਰੀਕ ਹੈ। ਰਾਗ ਜਦ ਕੋਈ ਗਾਉਂਦਾ ਹੈ ਮਨ ਉਸ ਦੇ ਮਗਰ ਜਾਂਦਾ ਹੈ। ਰਾਗ ਜਿਸ ਵਿੱਚ ਕੋਈ ਕਵਿਤਾ, ਗੀਤ ਨਹੀਂ ਗਾਵਿਆ ਜਾਂਦਾ, ਪਰ ਨਿਰਾ ਰਾਗ ਹੀ ਆਪਣੇ ਆਪ ਵਿਚ ਗਾਇਆ ਜਾਂ ਵਜਾਇਆ ਜਾਵੇ ਉਹ ਇਕ ਬੋਲੀ ਹੈ, ਇਕ ਅਗੁਵਾਨੀ ਹੈ, ਇਕ ਮੋਹਿਤਾ ਹੈ,ਜੋ ਆਪਣੀ ਖੈਂਚ ਨਾਲ ਮਨਾਂ ਨੂੰ ਕਿਸੇ ਰਸ ਦੇਸ ਵਿਚ ਲੈ ਜਾਂਦੀ ਹੈ। ਓਹ ਅਕਸਰ ਸਾਡੀ ਸਮਝ ਵਿਚ ਪਏ ਤੋਂ ਬਿਨਾਂ ਸਾਨੂੰ ਆਪਣੇ ਵਿਚ ਖਿੱਚ ਲੈ ਜਾਂਦੇ ਹਨ। ਕੋਈ ਡਾਢਾ ਸੁਰਤ ਦਾ ਜੋੜਨਹਾਰ ਸਮਝਦਾ ਹੈ ਕਿ ਕਿਹੜਾ ਰਾਗ, ਕੀਹ ਵਲਵਲਾ ਕੀਹ ਭਾਵ ਉਪਜਾ ਰਿਹਾ ਹੈ। ਅਕਸਰ ਗਵੱਯੇ ਤੇ ਗੁਣੀਜਨ ਰਾਗਾਂ ਦੇ ਨਾਵਾਂ,ਪਰਸਪਰ ਫਰਕਾਂ, ਸੁਰਾਂ ਸੁਰਤੀਆਂ, ਮੂਰਛਨਾਂ, ਤਾਲਾਂ ਆਦਿ ਦੇ ਗਿਆਤਾ ਤੇ ਉਸਤਾਦ ਹੁੰਦੇ ਹਨ, ਪਰ ਕਿਹੜਾ ਰਾਗ ਕੀ ਤਾਸੀਰ ਪੈਦਾ ਕਰ ਰਿਹਾ ਹੈ?ਕਿਹੜੇ ਵਲਵਲੇ ਨੂੰ ਛੇੜ ਰਿਹਾ ਹੈ? ਇਨ੍ਹਾਂ ਗੱਲਾਂ ਦਾ ਮਾਹਿਰ, ਤਾਸੀਰ ਨੂੰ ਸਮਝਣਹਾਰ ਵਿਰਲਾ ਕਿਤੇ ਕੋਈ ਰਸਿਕ ਹੁੰਦਾ ਹੈ। ਮੇਰਾ ਦਾਤਾ ਇਸ ਭੇਤ ਦਾ ਜਾਣੂ ਹੈ, ਉਸ ਨੇ ਰਾਗ ਦੀ ਤਾਸੀਰ ਵਾਲੇ ਗੁਣ ਨੂੰ ਲਿਆ ਹੈ ਤੇ ਆਤਮ ਰੰਗ ਉਪਜਾਉਣ ਲਈ ਰਾਗ ਵਰਤਿਆ ਹੈ। ਫਿਰ ਸਾਡੇ ਸਖੱਲ

ਲਈ ਇਹ ਕੀਤਾ ਹੈ ਕਿ ਪਰਮੇਸ਼ਰ ਦੇ ਜਸ ਦੇ ਸ਼ਬਦ ਰਚੇ ਹਨ, ਮਨ ਨੂੰ ਮਾਯਾ ਤੋਂ ਉਪਰਾਮ ਕਰਨ ਤੇ ਵਿਕਾਰਾਂ ਤੋਂ ਉਦਾਸ ਕਰਨ ਦੇ, ਆਪੇ ਵਿਚ ਜਾਗ ਦੇਣ ਦੇ,ਵਾਹਿਗੁਰੂ ਦੇ ਪਿਆਰ ਵਿਚ ਝੂਮਾ ਦੇਣ ਦੇ। ਐਸੇ ਵਲਵਲੇ ਤੇ ਭਾਵ ਉਪਜਾਣ ਵਾਲੇ ਸ਼ਬਦ ਕਹੇ ਹਨ ਮੈਂ ਉਹਨਾਂ ਦਾ ਨਿਮਾਣਾ ਨਕਲੀਆ ਹੋਣ ਦਾ ਮਾਣ ਰਖਦਾ ਹਾਂ। ਸੋ ਉਹ ਰਾਗ ਜਿਸ ਵਿਚ ਦਾਤੇ ਨੇ ਵਾਹਿਗੁਰੂ ਦਾ ਜਸ ਤੇ ਉਚੇ ਵਲਵਲਿਆਂ ਦੇ ਭਾਵ ਗਾਇਨ ਕੀਤੇ ਹਨ, ਉਹ ਕੀਰਤਨ ਹੈ, ਤੇ ਨਿਰਾ ਰਾਗ ਰਾਗ ਹੈ, ਤੇ ਵਿਕਾਰਾਂ ਦੇ ਭਾਵਾਂ ਨੂੰ ਉਦੀਪਨ ਕਰਨ ਵਾਲੇ ਬੋਲਾਂ ਵਾਲਾ ਰਾਗ, ਰਾਗ ਜੈਸੀ ਉੱਚੀ ਸ਼ੈ ਦਾ ਨੀਵਾਂ ਵਰਤਾਉ ਹੈ।

ਮੈਂ ਜੋ ਕੀਰਤਨ ਮਸਤ ਕਿਹਾ ਸੀ ਉਸ ਦਾ ਮਤਲਬ ਇਹ ਸੀ ਕਿ ਨਿਰੰਕਾਰ ਦੀ ਸਿਫਤ ਸਾਲਾਹ ਵਾਲੇ ਸ਼ਬਦਾਂ ਤੇ ਭਾਵਾਂ ਨਾਲ ਭਰਿਆ ਰਾਗ ਸੁਰਤ ਨੂੰ ਜਗਤ ਤੋਂ ਉਚਾ ਕਰਕੇ ਆਪੇ ਵਿਚ ਟਿਕਾ ਦਿੰਦਾ ਹੈ। ਪਰ ਨਿਰਾ ਰਾਗ ਉਸ ਵਲਵਲੇ ਵਿੱਚ ਮਦਹੋਸ਼ ਕਰ ਦਿੰਦਾ ਹੈ ਕਿ ਜਿਸ ਵਲਵਲੇ ਦੀ ਤਾਸੀਰ ਉਸ ਰਾਗ ਵਿੱਚ ਹੁੰਦੀ ਹੈ। ਜੇ ਉਹ ਭੀ ਵੈਰਾਗ ਆਦਿ ਉਪਜਾਉਂਦਾ ਤਾਂ ਚੰਗਾ ਹੈ, ਪਰ ਵਜੰਤ੍ਰੀ ਤੇ ਗਵੱਯੇ ਲੋਕ ਅਕਸਰ ਉਸ ਦਾ ਵੇਗ ਸਰੀਰਕ ਭਾਵਾਂ ਵੱਲ ਪਾਉਂਦੇ ਹਨ। ਸੋ ਜਦ ਨਿਰੰਕਾਰ ਦੇ ਕੀਰਤਨ ਤੋਂ ਵਿਰਵੇ ਹੋ ਕੇ, ਰਾਗ ਦੀਆਂ ਉੱਤਮ ਤਾਸੀਰਾਂ, ਪ੍ਰੇਮ ਉਤਸ਼ਾਹ, ਵੈਰਾਗ ਆਦਿ ਤੋਂ ਬੇਪ੍ਰਵਾਹ ਹੋ ਕੇ ਐਵੇਂ ਰਾਗ ਸੁਣੋ ਤੇ ਸੁਰਤ ਨੂੰ ਮਗਰੇ ਛੱਡ ਦਿਓ ਤਾਂ ਸੁਰਤ ਬੇਮਲੂਮ ਕਿਸੇ ਵਲਵਲੇ ਵਿੱਚ ਮਗਨ ਹੋ ਜਾਏਗੀ ਕਿ ਜਿਸ ਵਿੱਚ ਵਜੰਤ੍ਰੀ (ਜਾਣੇ ਚਾਹੋ ਅਣਜਾਣੇ) ਸਾਨੂੰ ਲਿਜਾ ਰਿਹਾ ਹੈ। ਹੁਣ ਸਮਝ ਗਏ ਨਾ?

ਝੰਡਾ- ਠੀਕ ਸਮਝ ਗਿਆ ਹਾਂ, ਸੋ ਤੁਸੀਂ ਉਸ ਰਾਗ ਦੀ ਕਿਸੇ ਅਣਜਾਣੀ ਤਾਸੀਰ ਵਿਚ ਮਗਨ ਹੋ ਕੇ, ਜਿਸ ਨੂੰ ਤੁਸਾਂ ਆਪ ਕੀਰਤਨ ਕਿਹਾ ਹੈ, ਉਸ ਤੋਂ ਉੱਕ ਗਏ?

ਮਰਦਾਨਾ- ਮੈਂ ਰਾਗ ਦੀ ਆਪਣੀ ਤਾਸੀਰ ਨੂੰ ਪਰਖਣ ਵੱਲ ਨਾ ਪਿਆ ਕਿ ਇਹ ਵਲਵਲੇ ਦੀ ਤਾਸੀਰ ਵਾਲਾ ਹੈ, ਰਾਗ ਦੀ ਉਤੱਮਤਾ ਤੇ ਤੀਖਣਤਾ ਤੇ ਰਾਗ ਕਰਨ ਵਾਲੇ ਦੀ ਕਾਰੀਗਰੀ ਦੀ ਮਹਿਮਾ ਦੇ ਭਾਵ ਵਿੱਚ ਆ ਕੇ ਰਾਗ-ਮਸਤ ਹੋ ਗਿਆ,--- (ਅੰਮ੍ਰਿਤ ਕੀਰਤਨ ਜਨਵਰੀ 2006)

**ਭੁੱਲ ਚੁੱਕ ਖਿਮਾ**



**ਜ਼ਰੂਰੀ ਬੇਨਤੀ**

ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।

ਸੰਪਾਦਕ ਮੋਬਾਇਲ 98556-40630

# ਮੇਰਾ ਨਾਨਕ ਇਕੱਲਾ ਰਹਿ ਗਿਆ ਹੈ!

**ਵਰਿਆਮ ਸਿੰਘ ਸੰਧੂ**

ਸਾਡੇ ਕਥਾ-ਵਾਚਕ ਤੇ ਸਾਖੀਕਾਰ ਬਾਬੇ ਨਾਨਕ ਦੀ ਵਡਿਆਈ ਇਸ ਗੱਲ ਵਿਚ ਦਰਸਾਉਂਦੇ ਨੇ ਕਿ ਉਹਨਾਂ ਨੇ ਮਰਦਾਨੇ ਨੂੰ ਨੀਵੀਂ ਜਾਤ ਦਾ ਡੂੰਮ, ਮਰਾਸੀ ਜਾਂ ਮੰਗ-ਖਾਣੀ ਜਾਤ ਦਾ ਹੋਣ ਦੇ ਬਾਵਜੂਦ ਆਪਣੇ ਨਾਲ ਜੋੜ ਕੇ ਜਾਤ-ਪਾਤ ਤੇ ਉਚ-ਨੀਚ ਦੇ ਬੰਧਨ ਤੋੜ ਦਿੱਤੇ ਸਨ। ਉਹਨਾਂ 'ਏਕ ਪਿਤਾ ਏਕਸੁ ਕੇ ਹਮ ਬਾਰਕ' ਦੇ ਕਥਨ ਨੂੰ ਅਮਲ ਵਿਚ ਪ੍ਰਗਟਾਅ ਦਿੱਤਾ ਸੀ। ਇਹ ਗੱਲ ਵੀ ਠੀਕ ਹੈ, ਤੇ, ਇਸਦਾ ਪ੍ਰਤੀਕਾਤਮਕ ਮਹੱਤਵ ਵੀ ਬਣਦਾ ਹੈ, ਪਰ, ਗੱਲ ਸਿਰਫ ਏਨੀ ਹੀ ਨਹੀਂ ਸੀ। ਜਦ ਕੋਈ ਯਾਰ ਜਾਂ ਭਰਾ (ਭਾਈ) ਬਣ ਜਾਂਦਾ ਹੈ ਤਾਂ ਜਾਤ-ਪਾਤ ਜਾਂ ਊਚ-ਨੀਚ ਰਹਿੰਦੀ ਕਿੱਥੇ ਹੈ! ਗੁਰੂ ਸਾਹਿਬ ਨੇ ਮਰਦਾਨੇ ਨੂੰ 'ਭਾਈ' ਦਾ ਰੁਤਬਾ ਦੇ ਕੇ ਹਿੱਕ ਨਾਲ ਲਾਇਆ ਸੀ। ਭਾਈ ਮਰਦਾਨੇ ਦੇ ਨਾਲ 'ਭਾਈ' ਦਾ ਇਹ ਰੁਤਬਾ ਵੀ ਸਿੱਖ-ਪੰਥ ਵਿਚ ਅਮਰ-ਪਦ ਪ੍ਰਾਪਤ ਕਰ ਗਿਆ। ਉਹਨਾਂ ਦੀ ਸਾਂਝ ਦੋ ਸਰੀਰਾਂ ਦੀ ਨਹੀਂ, ਦੋ ਰੂਹਾਂ ਦੀ ਸਾਂਝ ਸੀ। ਦੋਵੇਂ ਇਕ-ਦੂਜੇ ਦੇ ਪੂਰਕ ਸਨ। ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਗਲ਼ ਨਾਲ ਲਾ ਕੇ, ਜਿਵੇਂ ਕਥਾਕਾਰ ਆਖਦੇ ਜਾਂ ਸਮਝਦੇ ਹਨ, ਉਸ ਉੱਤੇ ਅਹਿਸਾਨ ਨਹੀਂ ਸੀ ਕੀਤਾ। ਮਰਦਾਨਾ ਗੁਰੂ ਦੀ ਅਪਣੱਤ ਸੀ, ਗੁਰੂ ਦੀ ਮੁਹੱਬਤ ਸੀ, ਗੁਰੂ ਦੀ ਲੋੜ ਵੀ ਸੀ। ਗੁਰੂ ਸਾਹਿਬ ਜਦ ਵੀ ਸ਼ਬਦ ਉਚਾਰਨ ਕਰਦੇ ਤਾਂ ਸਦਾ ਏਹੋ ਆਖਦੇ, 'ਭਾਈ ਮਰਦਾਨਿਆ! ਰਬਾਬ ਛੇੜ, ਬਾਣੀ ਆਈ ਹੈ।' ਅਸਲ ਵਿਚ ਇਹ ਰਿਸ਼ਤਾ ਮਾਨਵੀ ਸਾਂਝ ਦਾ ਸਿਖਰ ਵੀ ਸੀ ਤੇ ਸੰਗੀਤ ਅਤੇ ਸ਼ਬਦ ਦੀ ਪੀਚਵੀਂ ਸਾਂਝ ਦੇ ਹਕੀਕੀ ਜਲੌਅ ਦਾ ਪ੍ਰਗਟਾਅ ਵੀ।

ਕਦੀ ਮਰਦਾਨੇ ਨੂੰ ਇਸ ਨਜ਼ਰ ਨਾਲ ਵੀ ਵੇਖਣ ਦਾ ਸੋਚੀਏ ਕਿ ਸਭ ਨੂੰ ਬਖਸ਼ਿਸ਼ਾਂ ਕਰਨ ਵਾਲੇ, ਸਭਨਾਂ ਦੀਆਂ ਮੰਗਾਂ ਪੂਰੀਆਂ ਕਰਨ ਵਾਲੇ ਗੁਰੂ ਪਾਤਸ਼ਾਹ ਦੀਂ ਮੰਗੋ ਪੂਰੀ ਕਰਨ ਵਾਲਾ ਭਾਈ ਮਰਦਾਨਾ ਹੀ ਹੈ। ਉਹ ਓਸੇ ਵੇਲ਼ੇ ਸੁਰਤੀ-ਬਿਰਤੀ ਨੂੰ ਜੋੜ ਕੇ ਰਬਾਬ ਨੂੰ ਸੁਰ ਕਰ ਕੇ ਰਬਾਬ ਛੇੜਦਾ ਹੈ ਤੇ ਬਾਬਾ ਜੀ ਅਲਾਪ ਲੈਂਦੇ ਹਨ। ਹਵਾਵਾਂ ਵਿਚ, ਮਨਾਂ ਵਿਚ ਸ਼ਬਦ ਦੇ ਅਰਥ ਗੂੰਜਣ ਲੱਗਦੇ ਹਨ। ਮਰਦਾਨਾ ਬਾਬੇ ਦੇ ਸ਼ਬਦ ਦੀ ਅਮਰਤਾ ਨੂੰ ਮਿਠਾਸ ਨਾਲ ਭਰ ਦਿੰਦਾ ਹੈ। ਸੰਗੀਤ ਮਨਾਂ ਨੂੰ ਸੁਰ 'ਤੇ ਸ਼ਾਂਤ ਕਰਦਾ। ਮਨ-ਮਾਹੌਲ ਸੁਣਨ-ਯੋਗ ਬਣ ਜਾਂਦਾ। ਰਾਗ ਦਿਲਾਂ ਵਿਚ ਸਿਆੜ ਕੱਢਦਾ ਤੇ ਬਾਬਾ ਵਗਦੇ ਦਰਿਆਵਾਂ ਵਿਚ ਸ਼ਬਦ ਦਾ ਬੀਜ, ਨਾਮ ਦਾ ਬੀਜ ਬੀਜਣ ਲੱਗਦਾ।

ਤਲਵੰਡੀ ਵਿਚ ਇਕ ਦਿਨ ਕਿਸੇ ਬਿਰਖ ਹੇਠਾਂ ਆਰਾਮ ਕਰ ਰਹੇ ਗੁਰੂ ਨਾਨਕ ਨੂੰ ਨੇੜੇ ਹੀ ਕਿਧਰੇ ਰਬਾਬ ਦੀ ਵੱਜਦੀ ਧੁਨ ਸੁਣਾਈ ਦਿੱਤੀ। ਸੰਗੀਤ ਦੀ ਖਿੱਚ ਨੇ ਆਵਾਜ਼ ਵੱਲ ਤੋਰ ਲਿਆ। ਭਾਈ ਮਰਦਾਨਾ ਅੱਖਾਂ ਮੁੰਦੀ ਰਬਾਬ ਵਜਾ ਰਹੇ ਸਨ। ਗੁਰੂ ਜੀ ਨੇ ਕੋਲ਼ ਜਾ ਕੇ ਪੁੱਛਿਆ, 'ਭਾਈ ਤੇਰਾ ਨਾਉਂ ਕਿਆ ਹੈ?' ਤਾਂ ਅੱਗੋਂ ਰਬਾਬ ਵਜਾਉਣ ਵਾਲੇ ਨੇ ਜਵਾਬ ਦਿੱਤਾ, 'ਜੀ ਮੇਰਾ ਨਾਉਂ ਦਾਨਾ ਹੈ, ਲੋਕ ਮਰਾਸੀ ਕਹਿੰਦੇ ਹਨ।' ਗੁਰੂ ਜੀ ਨੇ ਕਿਹਾ, 'ਤੂੰ ਰਬਾਬ ਭਲਾ ਵਜਾਇੰਦਾ ਹੈਂ, ਤੇ ਤੈਨੂੰ ਰਾਗ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੇਂ ਤੇ ਇਹ ਰਾਗ ਸ਼ਬਦ ਪਾਇਕੈ ਗਾਵੈਂ ਤਾਂ ਤੇਰਾ ਦੀਨ ਦੁਨੀਆਂ ਵਿਚ ਉਧਾਰ ਕਰੀਏ।'

ਭਾਈ ਮਰਦਾਨੇ ਦੇ ਕੁਝ ਸਵਾਲ ਸਨ।

'ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾਇਕੈ ਚਾਰ ਪੈਸੇ ਲਿਆਂਦੇ ਹਾਂ, ਆਪਣੇ ਧੀਆਂ-ਪੁੱਤਰਾਂ ਦਾ ਦੁਨੀਆਂ ਵਿਚ ਗੁਜ਼ਰਾਨ ਕਰਦੇ ਹਾਂ। ਅਸੀਂ ਜੋ ਤੇਰੇ ਨਾਲ ਲੱਗਾਂਗੇ ਤਾਂ ਜੋ ਕੁਟੰਬੀ ਹੈਨਿ, ਸੋ ਸਭੁ ਭੁੱਖ ਨਾਲ ਮਰ ਜਾਣਗੇ। ਤੁਸੀਂ ਉਧਾਰ ਕਿਸ ਤਰ੍ਹਾਂ ਕਰੋਗੇ?'

ਇਹ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ, 'ਦਾਨਿਆਂ! ਤੂੰ ਦੀਵਾਨਾ ਹੋਇਆ ਹੈਂ। ਸਭ ਦੀ ਪ੍ਰਤਿਪਾਲਣਾ ਈਸ਼ਵਰ ਕਰਦਾ ਹੈ। ਨਮਾਜ਼ ਅਤੇ ਰੋਜ਼ਾ ਖੁਦਾ ਦੇ ਘਰੋਂ ਬਖਸ਼ਿਸ਼ ਹੈ। ਖੁਦਾ ਦਾ ਘਰ ਮਹਾਂਪੁਰਸ਼ਾਂ ਦਾ ਰਿਦਾ ਹੈ। ਜਦ ਲੇਖਾ ਹੋਵੇਗਾ ਤਾਂ ਕਿਸੇ ਨੇ ਹਾਮੀ ਨਹੀਂ ਭਰਨੀ।'

ਫਿਰ ਗੁਰੂ ਜੀ ਨੇ ਅੰਤਮ ਬਾਤ ਆਖ ਦਿੱਤੀ, 'ਦਾਨਿਆਂ! ਜੇ ਹੁਣ ਤੂੰ ਮਰਦਾਨਾ (ਸੂਰਮਾ) ਹੋਵੇਂ, ਸ਼ਬਦ ਪਾਇਕੈ ਰਾਗ ਨੂੰ ਗਾਵੇਂ ਤਾਂ ਤੇਰਾ ਦੋਹਾਂ ਜਹਾਨਾਂ ਦਾ ਕਾਰਜ ਹੋਵੇਗਾ।'

ਜ਼ਾਹਰ ਹੈ ਸਾਖੀ ਵਿਚ ਪੇਸ਼ ਇਹ ਵਾਰਤਾਲਾਪ ਲੰਮੀ ਪ੍ਰਕਿਰਿਆ ਦਾ ਸਾਰ-ਸੰਖੇਪ ਹੈ। ਇਕੋ ਮਿਲਣੀ ਵਿਚ ਸ਼ਾਇਦ ਇੰਝ ਨਾ ਹੋਇਆ ਹੋਵੇ। ਦੋਵਾਂ ਵਿਚ ਕਈ ਦਿਨ ਲੰਮੀ ਚਰਚਾ ਹੁੰਦੀ ਰਹੀ ਹੋਵੇਗੀ। ਕਦੀ-ਕਦੀ ਮਰਦਾਨੇ ਨੇ ਬਾਬੇ ਕਹਿਣ

'ਤੇ, ਅਭਿਆਸ ਵਜੋਂ, ਸ਼ਬਦ ਨਾਲ ਰਬਾਬ ਦੀ ਸੁਰ ਮਿਲਾ ਕੇ ਵੀ ਵੇਖੀ ਹੋਵੇਗੀ। ਅਜਿਹਾ ਕਰਦਿਆਂ ਵੱਜਦ ਵਿਚ ਵੀ ਆਇਆ ਹੋਵੇਗਾ। ਰੂਹ ਵਿਚ ਕੁਝ ਜਗਦਾ ਹੋਇਆ ਵੀ ਦਿਸਣ ਲੱਗਾ ਹੋਵੇਗਾ। ਇੰਝ ਕਰਦਿਆਂ ਗੁਰੂ ਜੀ ਦੇ ਬਚਨ ਸੁਣ ਕੇ ਮਰਦਾਨੇ ਦੇ ਸਭ ਸ਼ੰਕੇ ਨਵਿੱਰਤ ਹੋ ਗਏ ਹੋਣਗੇ। ਉਸ ਨੇ ਸਿਰ ਝੁਕਾਅ ਕੇ ਗੁਰੂ ਜੀ ਦੀ ਪੇਸ਼ਕਸ਼ ਪ੍ਰਵਾਨ ਕਰ ਲਈ ਹੋਵੇਗੀ।

ਭਾਈ ਦਾਨਾ ਹੁਣ 'ਮਰਦਾਨਾ' ਹੋ ਗਿਆ। 'ਸੂਰਮਾ' ਹੋ ਗਿਆ। ਘਰ ਪਰਿਵਾਰ ਨੂੰ ਤਿਆਗ ਕੇ ਸਾਰੀ ਉਮਰ ਗੁਰੂ ਦੇ ਲੇਖੇ ਲਾ ਦੇਣੀ ਸੂਰਮਗਤੀ ਹੀ ਤਾਂ ਸੀ। ਪਹਿਲਾਂ-ਪਹਿਲਾਂ ਤਲਵੰਡੀ ਦੀਆਂ ਜੂਹਾਂ ਵਿਚ ਮਰਦਾਨੇ ਦੀ ਰਬਾਬ ਤੇ ਗੁਰੂ ਦਾ ਸ਼ਬਦ ਗੂੰਜਣ ਲੱਗੇ। ਬਾਅਦ ਵਿਚ ਤਲਵੰਡੀ ਤੋਂ ਤੁਰਦੀ ਸ਼ਬਦ ਅਤੇ ਸੰਗੀਤ ਦੀ ਇਹ ਜੁਗਲ-ਬੰਦੀ ਕੁਲ ਸੰਸਾਰ ਦੀਆਂ ਹਵਾਵਾਂ ਵਿਚ ਘੁਲ਼ ਗਈ।

ਭਾਈ ਮਰਦਾਨਾ ਉਮਰ ਵਿਚ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਵੱਡਾ ਸੀ। ਉਸ ਨੇ ਲਗਪਗ 54 ਸਾਲ ਗੁਰੂ ਜੀ ਦੀ ਸੰਗਤ ਕੀਤੀ। ਏਨਾ ਮਾਣ ਇਤਿਹਾਸ ਵਿਚ ਭਲਾ ਹੋਰ ਕਿਸ ਨੂੰ ਮਿਲਿਆ ਸੀ! ਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਮਰਦਾਨਾ ਕੀ ਤੋਂ ਕੀ ਹੋ ਗਿਆ ਹੋਵੇਗਾ! ਭਗਤ ਕਬੀਰ ਜੀ ਕਹਿੰਦੇ ਹਨ:

ਕਬੀਰ ਚੰਦਨ ਕਾ ਬਿਰਵਾ ਭਲਾ, ਬੇੜ੍ਹੀਓ ਢਾਕ ਪਲਾਸ॥
ਓਇ ਭੀ ਚੰਦਨ ਹੋਇ ਰਹੇ, ਬਸੇ ਜੁ ਚੰਦਨ ਪਾਸ॥

ਜਿਵੇਂ ਚੰਦਨ ਰੁੱਖ ਦੀ ਸੰਗਤ ਕਰ ਕੇ ਆਸ ਪਾਸ ਦੇ ਬੂਟਿਆਂ ਤੋਂ ਵੀ ਚੰਦਨ ਦੀ ਮਹਿਕ ਆਉਣ ਲੱਗਦੀ ਹੈ। ਉਹ ਬੂਟੇ ਚੰਦਨ ਨਾਲ ਰਹਿ ਕੇ ਚੰਦਨ ਵਰਗੇ ਬਣ ਜਾਂਦੇ ਹਨ। ਇਸ ਤਰ੍ਹਾਂ ਸੰਤ ਦੀ ਸੰਗਤ ਕਰਨ ਵਾਲਾ ਮਨੁੱਖ ਵੀ ਸੰਤ ਵਰਗਾ ਗਿਆਨਵਾਨ ਹੋ ਜਾਂਦਾ ਹੈ।

ਮਰਦਾਨਾ ਵੀ ਚੰਦਨ ਨਾਲ ਰਹਿ ਕੇ ਚੰਦਨ ਹੋ ਗਿਆ ਸੀ। ਐਵੇਂ ਤਾਂ ਨਹੀਂ ਭਾਈ ਗੁਰਦਾਸ ਨੇ ਜੇ ਗੁਰੂ ਨਾਨਕ ਪਾਤਸ਼ਾਹ ਨੂੰ 'ਇਕੋ ਕਿਹਾ ਹੈ ਤਾਂ ਮਰਦਾਨੇ ਨੂੰ ਉਸ ਤੋਂ ਬਾਅਦ 'ਦੂਜਾ' ਕਹਿ ਕੇ ਸਨਮਾਨ ਦਿੱਤਾ ਹੈ:

ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ।

ਸਿੱਖ ਇਤਿਹਾਸ ਵਿਚ ਗੁਰੂ ਨਾਨਕ ਤੋਂ ਬਾਅਦ ਦੂਜਾ ਨਾਂ ਭਾਈ ਮਰਦਾਨੇ ਦਾ ਆਉਣਾ, ਭਾਈ ਮਰਦਾਨੇ ਦੀ ਅਜ਼ਮਤ ਦਾ ਲਖਾਇਕ ਹੈ। ਗੁਰੂ ਨਾਨਕ ਨਾਲ 'ਦੂਜਾ ਗੁਰੂ ਅੰਗਦ ' ਤਾਂ ਬਾਅਦ ਵਿਚ ਆਉਂਦਾ ਹੈ; ਬਾਅਦ ਵਿਚ ਜੁੜਦਾ ਹੈ, ਪਰ 'ਦੂਜਾ ਰਬਾਬੀ ਮਰਦਾਨਾ' ਪਹਿਲਾਂ ਆਉਂਦਾ ਹੈ।

ਗੁਰੂ ਜੀ ਦੀ ਪਾਰਖੂ ਅੱਖ ਨੇ ਭਾਈ ਮਰਦਾਨੇ ਨੂੰ ਐਵੇਂ ਨਹੀਂ ਸੀ ਚੁਣਿਆ। ਉਹਨਾਂ ਜਾਣ ਲਿਆ ਸੀ, ਸੰਗੀਤ ਭਾਈ ਮਰਦਾਨੇ ਦੀ ਆਤਮਾ ਸੀ। ਉਹ ਗਾਇਕ ਤੇ ਸੰਗੀਤਕਾਰ ਵੀ ਕੋਈ ਛੋਟਾ-ਮੋਟਾ ਨਹੀਂ ਸੀ। ਅਕਬਰ ਦੇ ਨੌਂ ਰਤਨਾਂ ਵਿਚ ਇਕ ਰਤਨ ਤਾਨਸੈਨ, ਜੋ ਸੰਸਾਰ- ਪ੍ਰਸਿੱਧ ਗਾਇਕ ਸੀ, ਉਹਦੇ ਗੁਰੂ ਦਾ ਨਾਂ ਹਰਿਦਾਸ ਸੀ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਉਹ ਭਾਈ ਮਰਦਾਨੇ ਦਾ ਸ਼ਾਗਿਰਦ ਸੀ।

ਭਾਈ ਗੁਰਦਾਸ ਆਪਣੀ ਗਿਆਰ੍ਹਵੀਂ ਵਾਰ ਵਿਚ ਲਿਖਦੇ ਹਨ:

'ਭਲਾ ਰਬਾਬ ਵਜਾਇੰਦਾ, ਮਜਲਸ ਮਰਦਾਨਾ ਮੀਰਾਸੀ।'

ਮਜਲਸ ਵਿਚ ਕੋਈ ਭਾਈ ਮਰਦਾਨਾ ਜੀ ਵਰਗੀ ਰਬਾਬ ਨਹੀਂ ਸੀ ਵਜਾ ਸਕਦਾ।

ਏਸੇ ਕਰਕੇ ਤਾਂ 'ਸਭਨਾਂ ਦੇ ਦਾਤੇ ' ਗੁਰੂ ਸਾਹਿਬ ਨੇ ਮਰਦਾਨੇ ਕੋਲ਼ੋਂ ਆਪਣੇ ਸ਼ਬਦ ਵਾਸਤੇ ਸੰਗੀਤ ਦੀ 'ਦਾਤ' ਦੀ ਮੰਗ ਕੀਤੀ ਸੀ। ਮਰਦਾਨਾ ਇਹ ਸੁਣ ਕੇ ਧੰਨ ਹੋ ਗਿਆ। ਫਿਰ ਸਾਰੀ ਉਮਰ ਗੁਰੂ ਦਾ ਸਾਥ ਨਹੀਂ ਛੱਡਿਆ। ਨਾਨਕ ਉਹਦੇ ਹਰ ਸਾਹ ਵਿਚ ਵੱਸ ਗਿਆ ਸੀ।

ਤਾਰੀਖਿ-ਪੰਜਾਬ ਦਾ ਲੇਖਕ ਲਿਖਦਾ ਹੈ ਕਿ ਮਰਦਾਨੇ ਦੀ ਰਬਾਬ ਦੀ ਹਰ ਤਾਰ ਵਿਚੋਂ 'ਨਿਰੰਕਾਰ ਨਾਨਕ ਬੰਦਾ ਤੇਰਾ ਹੈ' ਦੀ ਧੁਨੀ ਨਿਕਲਦੀ ਰਹਿੰਦੀ ਸੀ ਤੇ ਬਾਬਾ ਨਾਨਕ ਜੀ 'ਕਰਤਾਰ- ਕਰਤਾਰ' ਬੋਲਦੇ।

ਗੁਰੂ ਗ੍ਰੰਥ ਸਾਹਿਬ ਵਿਚ ਬਾਕੀ ਗੁਰੂ ਸਾਹਿਬਾਨ ਤੋਂ ਇਲਾਵਾ ਆਪਣੀ ਰਚਨਾ ਪਿੱਛੇ 'ਨਾਨਕ' ਦਾ ਨਾਂ ਦਰਜ ਕਰਨ ਦਾ ਹੱਕ ਭਾਈ ਮਰਦਾਨੇ ਨੂੰ ਹੀ ਮਿਲਿਆ। 'ਨਾਨਕ! ਨਾਨਕ' ਕਰਦਿਆਂ ਉਹ 'ਨਾਨਕ ਰੂਪ' ਹੋ ਗਿਆ ਸੀ।

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 'ਮਹਾਨ ਕੋਸ਼' 'ਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਵਿਹਾਗੜਾ ਵਿਚ ਭਾਈ ਮਰਦਾਨਾ ਜੀ ਦੇ ਤਿੰਨ ਸਲੋਕਾਂ ਬਾਰੇ ਵੇਰਵਾ ਦਿੱਤਾ ਹੈ:

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰ।
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰ।
ਮਜਲਸ ਕੂੜੈ ਲਬ ਕੀ ਪੀ ਪੀ ਹੋਇ ਖੁਆਰੁ।
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਅਹਾਰੁ।
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰੁ।
*** ***
ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ।
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ।
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰੁ।
ਗਿਆਨ ਗੁੜੁ ਸਲਾਹ ਮੰਡੇ ਭਉ ਮਾਸੁ ਅਹਾਰੁ।
ਨਾਨਕ ਇਹ ਭੋਜਨੁ ਸਚੁ ਹੈ ਸਚੁ ਨਾਮੁ ਅਧਾਰੁ।
*** ***
ਕਾਯਾ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।
ਸਤਿਸੰਗਤਿ ਸਿਉ ਮੇਲਾਪੁ ਹੋਇ
ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਿਹ ਬਿਕਾਰੁ।

ਓਸ਼ੋ ਨੇ ਗੁਰੂ ਨਾਨਕ ਸਾਹਿਬ ਬਾਰੇ ਕਿਹਾ ਹੈ, 'ਯੋਗ ਨਹੀਂ, ਤਪੱਸਿਆ ਨਹੀਂ.. ਧਿਆਨ ਨਹੀਂ, ਉਹਨਾਂ ਸਿਰਫ ਗਾਇਆ ਤੇ ਗਾ ਕੇ ਪਾ ਲਿਆ। ਪਰ, ਗਾਇਆ ਪੂਰੇ ਪ੍ਰਾਣਾਂ ਨਾਲ, ਕਿ, ਗੀਤ ਹੀ ਯੋਗ ਹੋ ਗਿਆ। ਗੀਤ ਹੀ ਤਪ ਹੋ ਗਿਆ। ਪਰਮਾਤਮਾ ਦੇ ਰਾਹ 'ਤੇ ਨਾਨਕ ਲਈ ਗੀਤ ਤੇ ਫੁੱਲ ਹੀ ਵਿਛੇ ਹਨ। ਉਹਨਾਂ ਦਾ ਰਾਹ ਬਹੁਤ ਹੀ ਮਧੁਰ ਅਤੇ ਰਸ-ਭਰਿਆ ਹੈ।'

ਹੁਣ ਕੌਣ ਨਹੀਂ ਜਾਣਦਾ ਕਿ ਗਾਇਨ ਲਈ ਸ਼ਬਦ ਦੇ ਨਾਲ ਸੁਰ ਦਾ ਕੈਸਾ ਜੁੜਵਾਂ ਤੇ ਅਟੁੱਟ ਰਿਸ਼ਤਾ ਹੈ।

ਬੁਰਿਆਈ-ਚੰਗਿਆਈ ਦਾ ਸਦੀਵੀ ਯੁੱਧ ਲੜਨ ਲਈ ਗੁਰੂ ਸਾਹਿਬ ਗਿਆਨ ਨੂੰ ਖੜਗ ਕਹਿੰਦੇ ਨੇ। ਗਿਆਨ ਸ਼ਬਦ ਵਿਚ ਹੈ ਤੇ ਸ਼ਬਦ ਤੇ ਸੰਗੀਤ ਜੁੜਵੇਂ ਹਥਿਆਰ ਹਨ। ਢਾਲ਼ ਅਤੇ ਤਲਵਾਰ। ਧਰਮ-ਯੁੱਧ ਵਿਚ ਜਿੱਤ ਹਾਸਲ ਕਰਨ ਲਈ ਦੋਵਾਂ ਦਾ ਸੰਗਮ-ਸਾਥ ਲਾਜ਼ਮ ਹੈ। ਸ਼ਬਦ ਅਤੇ ਸੰਗੀਤ ਮਿਲ ਕੇ ਮਨੁੱਖ ਦਾ ਕਾਇਆ ਕਲਪ ਕਰ ਦਿੰਦੇ ਹਨ। ਉਹਨੂੰ 'ਜੱਟੀਉਂ ਹੀਰ' ਬਣਾ ਦਿੰਦੇ ਹਨ। ਰਾਂਝਾ ਐਵੇਂ ਨਹੀਂ ਸੀ ਹੱਥਾਂ ਵਿਚ ਵੰਝਲੀ ਲਈ ਫਿਰਦਾ। ਉਹਦੀ ਵੰਝਲੀ ਦੀ ਹੂਕ ਸੁਣ ਕੇ ਹੀਰ ਤਾਂ ਕੀ ਮੱਝਾਂ ਵੀ ਉਹਦੀ ਸੁਰ ਨਾਲ ਇਕ-ਸੁਰ ਹੋ ਜਾਂਦੀਆਂ ਸਨ। ਸ਼ਾਂਤਮਈ ਅੰਦੋਲਨਾਂ ਦੇ ਹੱਕ ਵਿਚ ਵਿਦਰੋਹੀ ਗੀਤ ਲਿਖਣ ਵਾਲੀ ਤੇ ਉਹੋ ਗੀਤ ਆਪਣੀ ਗਿਟਾਰ 'ਤੇ ਵਜਾਉਣ ਵਾਲੀ ਵੀਹਵੀਂ ਸਦੀ ਦੀ ਮਹਾਨ ਗਾਇਕਾ ਜੌਨ ਬਾਇਸ ਨੇ ਸੰਗੀਤ ਦੀ ਤਾਕਤ ਬਾਰੇ ਕਿਹਾ ਸੀ, 'ਜੰਗਬਾਜ਼ਾਂ ਦੇ ਖਿਲਾਫ ਲੜਨ ਵਾਸਤੇ ਮੇਰੇ ਕੋਲ਼ ਕੇਵਲ ਇਕੋ ਹਥਿਆਰ ਹੈ ਤੇ ਉਹ ਹੈ ਛੇ ਤਾਰਾਂ ਵਾਲਾ ਸਾਜ਼, ਮੇਰਾ ਗਿਟਾਰ।'

ਜਿਵੇਂ ਸੂਰਮੇ ਪਿੱਠ ਨਾਲ ਪਿੱਠ ਜੋੜ ਕੇ ਮੈਦਾਨ-ਏ-ਜੰਗ ਵਿਚ ਲੜਦੇ ਹਨ, ਗੁਰੂ ਸਾਹਿਬ ਅਤੇ ਮਰਦਾਨਾ ਗੋਡੇ ਨਾਲ ਗੋਡਾ ਜੋੜ ਕੇ ਸ਼ਬਦ-ਗਾਇਨ ਕਰਦੇ ਹੋਏ ਇਹ ਯੁੱਧ ਲੜਦੇ ਸਨ। ਗਿਆਨ ਦੀ ਖੜਗ ਸੰਗੀਤ ਦੀ ਧਾਰ ਨਾਲ ਹੋਰ ਤਿੱਖੀ ਹੋ ਕੇ ਚੱਲਦੀ। ਹਨੇਰਿਆਂ ਨੂੰ ਚੀਰਦੀ ਜਾਂਦੀ। ਮਨ-ਮਸਤਕ ਰੌਸ਼ਨ ਹੁੰਦੇ ਜਾਂਦੇ। ਵਲੀਆਂ ਦੇ ਵਲ਼ ਨਿਕਲਦੇ ਜਾਂਦੇ। ਕੌਡੇ ਵਰਗੇ ਰਾਖਸ਼ਾਂ ਵਿਚ ਬੰਦਿਆਈ ਪ੍ਰਵੇਸ਼ ਕਰਦੀ ਜਾਂਦੀ। ਸੱਜਣ ਵਰਗੇ ਠੱਗਾਂ ਦੇ ਮਨ ਦੀ ਮੈਲ਼ ਧੋਤੀ ਜਾਂਦੀ।

ਗੁਰੂ ਨਾਨਕ ਦੇ ਸਫਰ ਵਿਚ ਮਰਦਾਨਾ ਉਹਨਾਂ ਦਾ ਪੱਕਾ ਸਾਥੀ ਰਿਹਾ।

ਸੁਰਜੀਤ ਪਾਤਰ ਨੇ ਕਿਤੇ ਜਿਹਾ ਸੀ, 'ਕਾਲ਼ੀਆਂ ਰਾਤਾਂ ਨਾਲ ਲੜਨ ਲਈ ਮੈਂ ਵੀ ਆ ਪਹੁੰਚਾ ਹਾਂ ਆਪਣਾ ਸਾਜ਼ ਲਈ।'

ਭਾਈ ਮਰਦਾਨੇ ਨੇ ਵੀ ਗੁਰੂ ਸਾਹਿਬ ਨੂੰ ਸ਼ਾਇਦ ਇੰਝ ਹੀ ਕਿਹਾ ਹੋਵੇਗਾ।

ਅਸੀਂ ਤਾਂ ਐਵੇਂ ਗੁਰੂ ਦੇ ਸਿੱਖ ਹੋਣ ਦਾ ਦਾਅਵਾ ਕਰਦੇ ਫਿਰਦੇ ਹਾਂ। ਭਾਈ ਮਰਦਾਨੇ ਤੋਂ ਵੱਡਾ ਸਿੱਖ ਕੌਣ ਹੋ ਸਕਦਾ ਹੈ, ਜਿਸ

ਨੇ ਗੁਰੂ ਸਾਹਿਬ ਦੇ ਨਾਲ ਹੀ ਆਪਣਾ ਘਰ-ਘਾਟ ਤਿਆਗ ਕੇ ਜੀਵਨ ਦੇ ਅਤਿ ਬਿਖਮ ਰਾਹ 'ਤੇ ਤੁਰਨ ਦਾ ਜੇਰਾ ਕੀਤਾ। ਇਹ ਉਹ ਦੌਰ ਸੀ ਜਦੋਂ ਹਕੂਮਤ ਦੇ ਦਾਬੇ ਤੋਂ ਡਰਦੇ ਖੱਤਰੀ ਵੀ ਧਰਮ ਛੱਡਦੇ ਜਾ ਰਹੇ ਸਨ (ਖੱਤਰੀਆਂ ਤਾਂ ਧਰਮ ਛੋੜਿਆ) ਪਰ ਇਹ ਭਾਈ ਮਰਦਾਨਾ ਹੀ ਸੀ ਜਿਸ ਨੇ ਮੁਸਲਮਾਨ ਹੁੰਦੇ ਹੋਏ ਵੀ ਹਿੰਦੂ ਖੱਤਰੀ ਗੁਰੂ ਦਾ ਸੇਵਕ ਬਣ ਕੇ ਉਹਨੂੰ ਆਪਣਾ ਆਪ ਸਮਰਪਿਤ ਕਰ ਦਿੱਤਾ।

ਨਹੀਂ, ਮੈਨੂੰ ਸ਼ਾਇਦ ਇੰਝ ਨਹੀਂ ਕਹਿਣਾ ਚਾਹੀਦਾ। ਅਸਲ ਵਿਚ ਉਹ ਹਿੰਦੂ-ਮੁਸਲਮਾਨ ਰਹਿ ਹੀ ਕਿੱਥੇ ਗਏ ਸਨ! ਉਹ ਜਾਤਾਂ-ਪਾਤਾਂ ਦੀਆਂ ਹੱਦਾਂ ਤੋੜ ਕੇ, ਸਭ ਟੋਏ-ਟਿੱਬੇ ਪੱਧਰੇ ਕਰ ਕੇ ਬਰਾਬਰ ਹੋ ਗਏ ਸਨ। ਇਕ ਦੇਹ-ਇਕ ਜਾਨ ਹੋ ਗਏ ਸਨ। ਗੁਰੂ ਸਾਹਿਬ ਦੇ ਸੰਗ-ਸਾਥ ਵਿਚ ਰਹਿ ਕੇ ਕੋਈ ਨੀਚ ਕਿਵੇਂ ਰਹਿ ਸਕਦਾ ਏ! ਗੁਰੂ ਨਾਨਕ ਪਾਤਸ਼ਾਹ ਨੇ ਉਹਨੂੰ ਹਿੱਕ ਨਾਲ ਲਾ ਕੇ 'ਸੋਨਾ' ਕਰ ਲਿਆ ਸੀ।

ਵੇਖਣ ਵਾਲੀ ਗੱਲ ਹੈ ਕਿ ਗੁਰੂ ਸਾਹਿਬ ਓਨਾ ਚਿਰ ਉਦਾਸੀ ਤੇ ਨਹੀਂ ਤੁਰਦੇ, ਜਿੰਨਾ ਚਿਰ ਮਰਦਾਨਾ ਉਹਨਾਂ ਨਾਲ ਜਾਣ ਲਈ ਰਾਜ਼ੀ ਨਹੀਂ ਹੁੰਦਾ। ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, 'ਭਾਈ ਮਰਦਾਨਿਆਂ! ਆਪਣਾ ਪਰਿਵਾਰ ਬਹੁਤ ਵੱਡਾ ਹੈ, ਆਪਾਂ ਦੂਰ-ਦੂਰ ਤਕ ਆਪਣੇ ਜੀਆਂ ਨੂੰ ਮਿਲਣ ਜਾਣਾ ਹੈ। ਤੁਸੀਂ ਨਾਲ ਚੱਲੋ। ਇਕੱਠੇ ਚੱਲਾਂਗੇ ਤਾਂ ਬੜੀ ਖੁਸ਼ੀ ਮਿਲੇਗੀ।'

ਮਰਦਾਨੇ ਨੇ ਸਵਾਲ ਕੀਤਾ 'ਬਾਬਾ! ਚਲੇ ਤਾਂ ਚਲਦੇ ਹਾਂ, ਪਰ ਸਫਰ ਵਿਚ ਖਾਵਾਂਗੇ ਕੀ ਤੇ ਕਿੱਥੋਂ ਖਾਵਾਂਗੇ?' ਬਾਬਾ ਜੀ ਨੇ ਕਿਹਾ 'ਜੋ ਦੌਲਤ ਤੁਸਾਂ ਪਾਸ ਹੈ, ਹੋਰ ਕਿਸੇ ਪਾਸ ਨਹੀਂ। ਤੁਹਾਡੇ ਸਦਕਾ ਕਈਆਂ ਹੋਰਨਾਂ ਨੂੰ ਰਿਜ਼ਕ ਮਿਲੇਗਾ।'

ਅੱਜ ਹਜ਼ਾਰਾਂ ਰਾਗੀ-ਢਾਡੀ ਕੀਰਤਨ ਕਰ ਕੇ ਗੁਜ਼ਰਾਨ ਕਰ ਰਹੇ ਹਨ। ਉਹਨਾਂ ਦਾ ਰਿਜ਼ਕ-ਦਾਤਾ ਵਡੇਰਾ ਗੁਰੂ ਹੀ ਨਹੀਂ, ਭਾਈ ਮਰਦਾਨਾ ਵੀ ਹੈ।

ਮਰਦਾਨਾ ਗੁਰੂ ਦਾ ਆਪਣਾ ਸੀ। ਮਰਦਾਨਾ ਹੀ ਗੁਰੂ ਦੀ ਨਹੀਂ ਸੀ ਸੁਣਦਾ-ਮੰਨਦਾ। ਗੁਰੂ ਸਾਹਿਬ ਵੀ ਉਹਦੀ ਸੁਣਦੇ-ਮੰਨਦੇ ਸਨ। ਜਦੋਂ ਉਦਾਸੀ 'ਤੇ ਤੁਰਨ ਲੱਗੇ ਤਾਂ ਵਿਛੜਨ ਵੇਲੇ ਵੱਜਣ ਵਾਲੇ ਮੋਹ ਦੇ ਉਛਾਲ਼ਿਆਂ ਦਾ ਸੋਚ ਕੇ ਗੁਰੂ ਸਾਹਿਬ ਆਪਣੇ ਪਰਿਵਾਰ ਨੂੰ ਮਿਲਣ ਤਲਵੰਡੀ ਨਹੀਂ ਗਏ। ਪਰ ਜਦ ਬੇਬੇ ਨਾਨਕੀ ਨੂੰ ਮਿਲ਼ੇ ਬਗ਼ੈਰ ਜਾਣ ਲੱਗੇ ਤਾਂ ਭਾਈ ਮਰਦਾਨੇ ਨੇ ਸੌ ਦੀ ਇਕ ਸੁਣਾ ਦਿੱਤੀ, 'ਬੇਬੇ ਨੂੰ ਮਿਲ਼ੇ ਬਗ਼ੈਰ ਨਹੀਂ ਜਾਣਾ!'

ਗੁਰੂ ਬਾਬੇ ਨੇ ਨੀਵੀਂ ਪਾ ਕੇ ਕਿਹਾ, 'ਤੇਰਾ ਆਖਾ ਮੋੜਨਾ ਨਹੀਂ ਭਾਈ !'

ਜਿਸ ਮਰਦਾਨੇ ਦਾ ਆਖਿਆ ਬਾਬਾ ਨਹੀਂ ਮੋੜ ਸਕਦਾ, ਉਹ ਮਰਦਾਨਾ ' ਕੇਵਲ ਮਾਂਗਤ' ਹੀ ਕਿਵੇਂ ਹੋ ਸਕਦਾ ਹੈ?

ਮਰਦਾਨੇ ਕੋਲ਼ ਜਿਹੜੀ ਸੰਗੀਤ ਦੀ ਦੌਲਤ ਸੀ, ਗੁਰੂ ਜੀ ਉਸ ਕੀਮਤ ਨੂੰ ਜਾਣਦੇ ਸਨ। ਜਿਸ ਗੁਰੂ ਨੂੰ ਮਰਦਾਨੇ ਕੋਲ਼ ਦੌਲ਼ਤਾਂ ਨਜ਼ਰ ਆਉਂਦੀਆਂ ਸਨ, ਉਹ ਮਰਦਾਨਾ ਮੰਗ-ਖਾਣਾ ਕਿਵੇਂ ਹੋ ਸਕਦਾ ਹੈ! ਉਸ ਕੋਲ ਰਾਗ ਦਾ ਹੁਨਰ ਸੀ। ਉਹ ਤੇ ਉਹਦੇ ਵਡੇਰੇ ਹੁਣ ਤਕ ਰਾਗ ਗਾ ਕੇ ਹੀ ਗੁਜ਼ਰਾਨ ਕਰਦੇ ਆਏ ਸਨ। ਮਰਦਾਨਾ ਗੁਰੂ ਪਾਤਸ਼ਾਹ ਨਾਲ ਨਾ ਵੀ ਤੁਰਦਾ ਤਾਂ ਆਪਣੇ ਹੁਨਰ ਨਾਲ ਗੁਜ਼ਰਾਨ ਕਰ ਸਕਦਾ ਸੀ। ਪਰ ਉਹ ਗੁਰੂ ਸਾਹਿਬ ਦੀ ਅਜ਼ਮਤ ਜਾਣਦਾ ਸੀ। ਉਹਨੂੰ ਸਮਝ ਸੀ ਕਿ ਗੁਰੂ ਪਾਤਸ਼ਾਹ ਉਹਨੂੰ ਆਪਣਾ ਸੰਗੀ-ਸਾਥੀ ਬਣਾ ਕੇ ਕੇਡਾ ਵੱਡਾ ਮਾਣ ਬਖਸ਼ ਰਹੇ ਹਨ। ਉਹਨੇ ਇਕ ਵਾਰ ਵੀ ਨਾਂਹ ਨਹੀਂ ਕੀਤੀ। ਗੁਰੂ ਸਾਹਿਬ ਦੇ ਕਹਿਣੇ ਤੇ ਨਵੀਂ ਰਬਾਬ ਖਰੀਦ ਕੇ ਉਹਨਾਂ ਨਾਲ ਲੰਮੀਆਂ ਉਦਾਸੀਆਂ 'ਤੇ ਤੁਰ ਪਿਆ। ਆਪਣਾ ਆਪ ਗੁਰੂ ਪਾਤਸ਼ਾਹ ਨੂੰ ਸਮਰਪਿਤ ਕਰ ਦਿੱਤਾ। ਜੰਗਲ਼ਾਂ-ਬੀਆਬਾਨਾਂ ਵਿਚ ਗੁਰੂ ਦੇ ਸੰਗ-ਸਾਥ ਵਿਚ ਰਿਹਾ। ਸੂਲ਼ਾਂ ਅਤੇ ਰੋੜਾਂ 'ਤੇ ਸੌਣਾ ਪ੍ਰਵਾਨ ਕਰ ਲਿਆ, ਪਰ ਗੁਰੂ ਦਾ ਸਾਥ ਨਹੀਂ ਛੱਡਿਆ। ਪਰ ਗੁਰੂ ਸਾਹਿਬ ਨੇ ਵੀ ਮਰਦਾਨੇ ਦੀ ਕਦਰ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਜਦ ਵੀ ਮਰਦਾਨੇ ਦੀ ਨਮਾਜ਼ ਪੜ੍ਹਣ ਦਾ ਵਕਤ ਹੁੰਦਾ, ਗੁਰੂ ਸਾਹਿਬ ਓਸੇ ਵਕਤ ਆਪਣੇ ਪੈਰ ਰੋਕ ਲੈਂਦੇ। ਉਹਦੇ ਵਿਸ਼ਵਾਸ ਨੂੰ ਮਾਣ ਦਿੰਦੇ।

ਸਾਰੀ ਉਮਰ ਮਰਦਾਨਾ ਗੁਰੂ ਦੇ ਸੰਗ-ਸਾਥ ਵਿਚ ਰਿਹਾ, ਪਰ ਗੁਰੂ ਸਾਹਿਬ ਨੇ ਇਕ ਵਾਰ ਵੀ ਉਹਨੂੰ ਆਪਣਾ ਅਕੀਦਾ ਤਿਆਗਣ ਲਈ ਨਹੀਂ ਕਿਹਾ। ਉਹ ਜਾਣਦੇ ਸਨ ਕਿ ਮਰਦਾਨਾ 'ਜਿਹੜੀ ਨਮਾਜ਼' ਅਦਾ ਕਰ ਰਿਹਾ ਹੈ, ਉਹ ਵਿਖਾਵੇ ਦੀ ਨਮਾਜ਼ ਨਹੀਂ। ਕਪਈ ਪਾਖੰਡ ਨਹੀਂ। ਉਹ ਉਹੋ ਨਮਾਜ਼ ਹੈ ਜਿਸ ਬਾਰੇ ਉਹ ਫੁਰਮਾਉਂਦੇ ਹਨ:

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥

ਮਰਦਾਨਾ ਅਜਿਹਾ ਮੁਸਲਮਾਨ ਹੋ ਗਿਆ ਸੀ।

ਜਿਹੜੇ ਸਾਖੀਕਾਰ ਮਰਦਾਨੇ ਨੂੰ ਭੁੱਖ ਤੋਂ ਆਤੁਰ ਹੋ ਕੇ ਵਾਰ-ਵਾਰ ਘਰ ਪਰਤਣ ਦੇ ਤਰਲੇ ਲੈਂਦਾ ਵਿਖਾਉਂਦੇ ਹਨ, ਉਹ ਮਰਦਾਨੇ ਦੇ ਸਮਰਪਣ ਨੂੰ ਕੀ ਜਾਨਣ! ਉਹ ਮਰਦਾਨੇ ਦੀ ਦੂਰ-ਦ੍ਰਿਸ਼ਟੀ ਨੂੰ ਕੀ ਸਮਝਣ! ਉਹਦਾ ਨਾਨਕ ਉਹਨੂੰ ਭੁੱਖਾ ਕਿਵੇਂ

ਰੱਖ ਸਕਦਾ ਸੀ? ਨਾਨਕ ਦੇ ਸਾਥ ਵਿਚ ਉਹ ਭੁੱਖਾ ਕਿਵੇਂ ਰਹਿ ਸਕਦਾ ਸੀ? ਉਹ ਭਗੌੜਾ ਕਿਵੇਂ ਹੋ ਸਕਦਾ ਸੀ? ਉਹਦੇ ਲਈ ਤਾਂ ਉਹਦਾ ਯਾਰ, ਉਹਦਾ ਭਰਾ, ਉਹਦਾ ਰੱਬ ਉਹਦਾ ਨਾਨਕ ਹੀ ਤਾਂ ਸੀ। ਜਿਸ ਨੇ ਨਾਨਕ ਨੂੰ ਪਾ ਲਿਆ, ਉਹਨੂੰ ਹੋਰ ਲੋੜ ਕਿਸ ਚੀਜ਼ ਦੀ ਰਹਿ ਜਾਂਦੀ ਹੈ!

ਜਦ ਸ਼ਬਦ ਤੇ ਸਾਜ਼ ਇਕ ਹੋ ਕੇ ਵੱਜਦ ਵਿਚ ਗੂੰਜਦੇ ਤਾਂ ਇਹਨਾਂ ਅਮਰ-ਪਲਾਂ ਵਿਚ ਮਰਦਾਨੇ ਨੇ ਇਕ ਦਿਨ ਪੂਰੇ ਮਾਣ ਵਿਚ ਭਿੱਜ ਕੇ ਕਿਹਾ ਸੀ, 'ਭਾਈ ਨਾਨਕਾ! ਤੂੰ ਤਾਂ ਰੱਬ ਦੇਖਿਆ ਹੀ ਹੈ, ਮੈਂ ਤਾਂ ਪਾਇਆ ਹੈ!

ਜਿਹੜੇ ਮਰਦਾਨੇ ਨੇ ਨਾਨਕ ਵਿਚ ਰੱਬ ਪਾ ਲਿਆ, ਉਹਦੇ ਕੋਲ਼ ਹੋਰ ਪਾਉਣ ਲਈ ਬਚਿਆ ਹੀ ਕੀ ਸੀ? ਉਹਦੀ ਰੂਹ ਤਾਂ ਰੱਜੀ ਹੋਈ ਸੀ। ਉਹਦਾ ਰੱਬ ਤਾਂ ਚੱਤੇ-ਪਹਿਰ ਉਹਦੇ ਅੰਗ-ਸੰਗ ਰਹਿੰਦਾ ਸੀ।

ਸਾਖੀ ਆਉਂਦੀ ਹੈ ਕਿ ਜਦ ਭਾਈ ਮਰਦਾਨੇ ਦੇ ਸਰੀਰ ਤਿਆਗਣ ਦਾ ਵੇਲ਼ਾ ਆਣ ਪਹੁੰਚਾ ਤਾਂ ਗੁਰੂ ਜੀ ਨੇ ਮਰਦਾਨੇ ਦੇ ਸੀਸ ਨੂੰ ਗੋਦੀ ਵਿਚ ਲਿਆ ਹੋਇਆ ਹੈ ਤੇ ਪੁੱਛਦੇ ਹਨ, 'ਮਰਦਾਨਿਆਂ! ਜੇ ਚਾਹੇਂ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗ ਦਰਿਆ ਵਿਚ ਸੁੱਟ ਦੇਈਏ? ਮਰਦਾਨਿਆਂ! ਜੇ ਤੇਰੀ ਖਾਹਿਸ਼ ਹੋਵੇ ਤਾਂ ਖੱਤਰੀ ਵਾਂਗ ਸਾੜ ਦੇਈਏ, ਜੇ ਤੇਰੀ ਇੱਛਾ ਹੋਵੇ ਤਾਂ ਵੈਸ਼ ਵਾਂਗੂੰ ਹਵਾ ਵਿਚ ਉਛਾਲ ਦੇਈਏ, ਜੇ ਤੇਰਾ ਚਿੱਤ ਹੋਵੇ ਤਾਂ ਸ਼ੂਦਰ ਵਾਂਗ ਦਬਾ ਦੇਈਏ ?'

ਭਾਈ ਮਰਦਾਨੇ ਨੇ ਕਿਹਾ 'ਵਾਹ! ਬਾਬਾ ਵਾਹ! ਅਜੇ ਵੀ ਸਰੀਰਾਂ ਦੇ ਚੱਕਰ ਵਿਚ? ਤੁਹਾਡੇ ਉਪਦੇਸ਼ ਕਰ ਤਾਂ ਦੇਹੀ ਦਾ ਖਿਆਲ ਹੀ ਮੁੱਕ ਗਿਆ ਹੈ। ਮੈਂ ਤਾਂ ਕੇਵਲ ਆਪਣੀ ਆਤਮਾ ਨੂੰ ਆਪਣੇ ਸਰੀਰ ਦਾ ਸਾਥੀ ਸਮਝਦਾ ਹਾਂ।'

ਫਿਰ ਗੁਰੂ ਸਾਹਿਬ ਨੇ ਕਿਹਾ, 'ਮਰਦਾਨਿਆਂ! ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ-ਪ੍ਰਸਿੱਧ ਕਰ ਦੇਈਏ । '

ਮਰਦਾਨੇ ਨੇ ਬੜੀ ਗੰਭੀਰ ਮੁਦਰਾ ਵਿਚ ਕਿਹਾ, 'ਬਾਬਾ! ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗੇ ਹਾਂ, ਇਸ ਨੂੰ ਫਿਰ ਪੱਥਰ ਦੀ ਸਮਾਧ ਵਿਚ ਕਿਉਂ ਪਾਂਵਦੇ ਹੋ।'

ਗੁਰੂ ਸਾਹਿਬ ਨੇ ਮਰਦਾਨੇ ਨੂੰ ਗਲ਼ ਨਾਲ ਲਾ ਕੇ ਘੁੱਟ ਲਿਆ ਤੇ ਬਚਨ ਕੀਤਾ, ਤੂੰ ਬ੍ਰਹਮ ਨੂੰ ਪਛਾਣ ਲਿਆ ਹੈ ਮਰਦਾਨਿਆਂ !'

ਤਾਂ ਮਰਦਾਨੇ ਨੇ ਸੌ ਗੱਲਾਂ ਦੀ ਇਕੋ ਗੱਲ ਆਖੀ, 'ਬਾਬਾ! ਤੂੰ ਖੁਦਾਇ ਦਾ ਡੂੰਮ, ਮੈਂ ਤੇਰਾ ਡੂੰਮ। ਤੂੰ ਖੁਦਾਇ ਨੂੰ ਪਾਇਆ, ਮੈਂ ਤੈਨੂੰ ਪਾਇਆ। ਤੇਰਾ ਕਿਹਾ ਖੁਦਾਈ ਮੰਨਦੀ ਹੈ ਪਰ ਮੇਰਾ ਕਿਹਾ ਤੂੰ ਮੰਨਦਾ ਹੈਂ। ਤੁਸਾਂ ਅੱਗੇ ਅਸਾਂ ਦੀ ਬੇਨਤੀ ਹੈ ਅੱਜ ਇਕ। ਅਸਾਂ ਨੂੰ ਬਿਛੋੜਨਾ ਨਹੀਂ ਆਪਣੇ ਨਾਲੋਂ। ਨਾ ਹੀ ਏਥੇ, ਨਾ ਹੀ ਓਥੇ !'

ਅਸੀਂ ਆਖ ਚੁੱਕੇ ਹਾਂ ਜਿੰਨਾ ਚਿਰ ਮਰਦਾਨਾ ਨਾਲ ਨਹੀਂ ਤੁਰਿਆ, ਓਨਾ ਚਿਰ ਗੁਰੂ ਸਾਹਿਬ, ਉਦਾਸੀਆਂ ਤੇ ਨਹੀਂ ਤੁਰੇ। ਮਰਦਾਨਾ ਸਰੀਰ ਤੇ ਸਾਥ ਛੱਡ ਜਾਂਦਾ ਹੈ ਤਾਂ ਗੁਰੂ ਜੀ ਆਪਣੀ ਚਾਦਰ ਲਾਹ ਕੇ ਮਰਦਾਨੇ ਦੀ ਦੇਹ 'ਤੇ ਪਾਉਂਦੇ ਹਨ। ਮਰਦਾਨੇ ਦੀ ਰਬਾਬ ਗਲ਼ ਨਾਲ ਲਾਉਂਦੇ ਹਨ ਤੇ ਉਦਾਸੀਆਂ ਵਿਚੇ ਛੱਡ ਕੇ ਤਲਵੰਡੀ ਪਰਤ ਆਉਂਦੇ ਹਨ। ਸਿੱਧਾ ਮਰਦਾਨੇ ਦੇ ਘਰ ਜਾਂਦੇ ਹਨ, ਮਰਦਾਨੇ ਦਾ ਪੁੱਤਰ ਸ਼ਹਿਜ਼ਾਦ ਬਾਬੇ ਨੂੰ ਨਮਸਕਾਰ ਕਰਦਾ ਹੈ, ਪਰ, ਪਰ ਇਕੱਲਾ ਆਇਆ ਵੇਖ ਕੇ ਪੁੱਛਦਾ ਹੈ, 'ਬਾਬਾ! ਅੱਬੂ ਕਿੱਥੇ ਹਈ ?'

ਗੁਰੂ ਪਾਤਸ਼ਾਹ ਨੇ ਸ਼ਹਿਜ਼ਾਦ ਨੂੰ ਗਲ਼ ਨਾਲ ਲਾਇਆ। ਅਸੀਸਾਂ ਦੇਣ ਲੱਗੇ। ਸ਼ਹਿਜ਼ਾਦ ਸਮਝ ਗਿਆ ਕਿ ਉਹਦਾ ਬਾਪ ਇਸ ਦੁਨੀਆਂ ਵਿਚ ਨਹੀਂ ਰਿਹਾ। ਗੁਰੂ ਸਾਹਿਬ ਨੂੰ ਕਹਿੰਦਾ, ਸਾਨੂ ਓਹੋ ਦਿਉ, ਜੋ ਅੱਬੂ ਨੂੰ ਦਿੱਤਾ ਸਾਈ।'

ਗੁਰੂ ਸਾਹਿਬ ਨੇ ਭਾਈ ਮਰਦਾਨੇ ਦੀ ਰਬਾਬ ਉਹਨੂੰ ਸੌਂਪ ਦਿੱਤੀ।

ਸਦੀਆਂ ਤੋਂ ਮਰਦਾਨੇ ਦੀ ਅੰਸ-ਬੰਸ ਨੇ ਬਾਬੇ ਦੀ ਦਿੱਤੀ ਬਖਸ਼ਿਸ਼ ਨੂੰ ਗਲ਼ ਨਾਲ ਲਾਈ ਰਖਿਆ। ਪੀੜ੍ਹੀ-ਦਰ-ਪੀੜ੍ਹੀ ਗੁਰੂ ਘਰਾਂ ਤੇ ਗੁਰੂ ਦਰਾਂ 'ਤੇ ਗੁਰੂ ਦੀ ਬਾਣੀ ਗਾਉਂਦੇ ਰਹੇ। ਨਨਕਾਣੇ ਵੀ ਤੇ ਅੰਬਰਸਾਰ ਦੇ ਗੁਰੂ ਘਰਾਂ ਵਿਚ ਵੀ ਉਹ ਗੁਰਬਾਣੀ ਦਾ ਗਾਇਨ ਕਰਦੇ ਰਹੇ। ਮਰਦਾਨੇ ਕੇ, ਗੁਰੂ ਦੇ ਆਪਣੇ ਸਨ, ਗੁਰੂ ਘਰਾਂ ਦੇ ਆਪਣੇ ਸਨ, ਗੁਰੂ ਕੇ ਸਿੱਖਾਂ ਦੇ ਆਪਣੇ ਸਨ। ਮਰਦਾਨੇ ਕੇ ਗੁਰੂ ਦੇ ਸਿੱਖ ਹੀ ਸਨ।

ਗੁਰੂ ਸਾਹਿਬ ਨੇ ਤਾਂ ਕਿਹਾ ਸੀ, 'ਮਰਦਾਨਿਆਂ ਜਿੱਥੇ ਤੇਰਾ ਵਾਸਾ, ਤਿਥੇ ਮੇਰਾ ਵਾਸਾ।'

ਪਰ ਅਸੀਂ ਉਹਨਾਂ ਦੇ ਵਾਸੇ ਅੱਡ ਅੱਡ ਕਰ ਛੱਡੇ।

ਸ਼ਾਇਦ ਏਸੇ ਸੱਚ ਨੂੰ ਬਿਆਨ ਕਰਦਿਆਂ ਡਾ. ਹਰਿਭਜਨ ਸਿੰਘ ਆਪਣੀ ਨਜ਼ਮ ਵਿਚ ਪੁਕਾਰ ਉੱਠਿਆ ਸੀ:

ਮੇਰਾ ਨਾਨਕ ਇਕੱਲਾ ਰਹਿ ਗਿਆ ਹੈ

ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ
ਮਰਦਾਨਾ ਗੁਰੂ ਦਾ ਯਾਰ ਸੀ
ਉਹਦੇ ਸਦਕਾ ਗੁਰੂ ਦੇ ਆਸੇ-ਪਾਸੇ ਦੋਸਤੀ ਦੀ ਮਹਿਕ ਸੀ
ਜਦੋਂ ਰਬਾਬ 'ਚੋਂ ਸਰਗਮ ਉਦੈ ਹੁੰਦੀ
ਗੁਰੂ ਦੇ ਬੋਲ ਸਦੀਵੀ ਪੌਣ ਵਾਂਗੂੰ ਜਾਗਦੇ ਸਨ
ਅੱਜ ਵੀ ਸੰਗਤ 'ਚ ਗੁਰੂ ਦੇ ਬੋਲ ਨੇ
ਪਰ ਸੁਰ ਨਹੀਂ ਹੈ
ਗੁਰੂ ਦਾ ਸ਼ਬਦ ਹੈ
ਪਰ ਅਰਥ ਗੁੰਮ ਹੋ ਗਿਆ ਹੈ
ਕੀਰਤਨ ਦੀ ਭੀੜ ਹੈ
ਸੰਗੀਤ ਦਾ ਚਿਹਰਾ ਨਹੀਂ ਦਿਸਦਾ
ਕਿਸੇ ਖੂੰਜੇ 'ਚ ਗੁੰਮ-ਸੁੰਮ ਚੁੱਪ ਪਈ ਰਬਾਬ
ਕਈ ਸਾਲਾਂ ਤੋਂ ਇਸਦੀ ਤਾਰ 'ਚੋਂ ਝਨਕਾਰ ਨਹੀਂ ਜਾਗੀ
ਕਿਸੇ ਆਸ਼ਕ ਦੀ ਮਹਿਰਮ ਛੋਹ ਬਿਨਾਂ
ਸਾਜ਼ੋ ਚੋਂ ਸੁਰ-ਤਾਲ ਦਾ ਜਾਦੂ ਨਹੀਂ ਉਗਦਾ
ਕੋਈ ਜਾਵੋ ਲਿਆਵੋ ਸਾਜ਼ ਦੇ ਮਹਿਰਮ ਨੂੰ ਪਾਰੋਂ ਮੋੜ ਕੇ
ਕਿਸੇ ਵੀ ਸਾਜ਼ ਬਿਨ
ਆਵਾਜ਼ ਦਾ ਕੁਝ ਭੇਤ ਨਹੀਂ ਪਾਇਆ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ

ਅਸੀਂ ਇਹ ਕੀ ਕੀਤਾ? ਅਸੀਂ ਅੱਜ ਮਰਦਾਨੇ-ਕਿਆਂ ਲਈ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਉਹਨਾਂ ਲਈ ਦਰਬਾਰ ਸਾਹਿਬ ਵਿਚ ਕੀਰਤਨ ਕਰਨਾ ਵਰਜਿਤ ਹੋ ਗਿਆ। ਸਾਡੀ ਆਪੇ ਬਣਾਈ ਮਰਿਆਦਾ ਨੇ ਬਾਬੇ ਤੇ ਮਰਦਾਨੇ ਨੂੰ ਵਿਛੋੜ ਦਿੱਤਾ ਹੈ। ਗੁਰੂ ਸਾਹਿਬ ਨੇ ਤਾਂ ਮਰਦਾਨੇ ਨੂੰ ਭਰੋਸਾ ਦਿੱਤਾ ਸੀ, 'ਮਰਦਾਨਿਆਂ! ਜਿੱਥੇ ਤੇਰਾ ਵਾਸਾ ਤਿਥੇ ਮੇਰਾ ਵਾਸਾ।'

ਪਰ ਅਸੀਂ ਉਹਨਾਂ ਦਾ ਵਸੇਬ ਵੀ ਨਿਖੇੜ ਦਿੱਤਾ ਤੇ ਉਹਨਾਂ ਦੀ ਸੋਚ ਵੀ ਤਿਆਗ ਦਿੱਤੀ।

ਅਸੀਂ ਅਜੇ ਵੀ ਮਾਣ ਨਾਲ ਕਹਿੰਦੇ ਹਾਂ, 'ਅਸੀਂ ਗੁਰੂ ਨਾਨਕ ਦੇ ਸਿੱਖ ਹਾਂ।'

ਅਸੀਂ ਇਹ ਕਿਹੋ ਜਿਹੇ ਸਿੱਖ ਹੋ ਗਏ ਹਾਂ?

***(5 Lisa Street, Suite-505, Brampton, Ont L6T 4T4 Canada***
***Phone 1-647-535-1539Email: waryamsandhu@gmail.com)***

ਇਹ ਲੇਖ **ਸਿਰਜਣਾ** ਅੰਕ 210 ਤੋਂ ਲਿਆ ਗਿਆ ਹੈ।

# ਗੁਰੂ ਨਾਨਕ ਬਾਣੀ : ਰਾਗ–ਪ੍ਰਬੰਧ ਦੀ ਵੰਨਸੁਵੰਨਤਾ

**ਡਾ.ਚਮਕੌਰ ਸਿੰਘ**

ਗੁਰੂ ਨਾਨਕ ਬਾਣੀ ਦਾ ਸਿਰਜਣਾਤਮਕ-ਵਿਧਾਨ 'ਸਚ ਕੀ ਬਾਣੀ'[1], 'ਖਸਮ ਕੀ ਬਾਣੀ'[2] ਅਤੇ 'ਧੁਰ ਕੀ ਬਾਣੀ'[3] ਦੀ ਪਰਮਾਰਥੀ ਚੇਤਨਾ ਅਤੇ ਰੂਹਾਨੀ ਸੰਵੇਦਨਾ ਦੇ ਅੰਤਰਗਤ ਰੂਪਬੱਧ ਹੋਇਆ ਹੈ। ਆਮ ਕਵਿਤਾ ਨਾਲੋਂ ਵਿਲੱਖਣ ਰੂਹਾਨੀ-ਰਹੱਸਾਤਮਿਕ ਪ੍ਰਕਿਰਤੀ ਸਦਕਾ ਇਹ ਬਾਣੀ ਸਾਡੇ ਮਾਨਸਿਕ ਅਤੇ ਸਭਿਆਚਾਰਕ ਵਰਤਾਰਿਆਂ ਵਿਚ 'ਪਵਿੱਤਰ-ਪਾਠ' ਹੋਣ ਦਾ ਦਰਜਾ ਰੱਖਦੀ ਹੈ। ਇਸ ਬਾਣੀ ਦੀ ਸਿਰਜਣ-ਪ੍ਰਕਿਰਿਆ, ਪਰਮਾਰਥਕ ਅਤੇ ਸੰਸਾਰਕ ਦੋਨੋਂ ਸੰਦਰਭਾਂ ਦੇ ਅੰਤਰਗਤ ਸੰਪੰਨ ਹੋਈ ਹੈ। ਇਸੇ ਕਰਕੇ ਇਸ ਬਾਣੀ ਵਿਚ ਲੌਕਿਕ ਅਤੇ ਪਰਾਲੌਕਿਕ, ਦੋਨੋਂ ਜਗਤਾਂ ਦੇ ਅਨੁਭਵ-ਬੋਧ ਦਾ ਪ੍ਰਗਟਾਅ, ਸਾਂਝੇ ਰੂਪ ਵਿਚ ਦ੍ਰਿਸ਼ਟਮਾਨ ਹੁੰਦਾ ਹੈ। ਵਿਭਿੰਨ ਧਰਮ-ਪਰੰਪਰਾਵਾਂ, ਭੂਗੋਲਿਕ ਖੇਤਰਾਂ ਅਤੇ ਸਭਿਆਚਾਰਕ ਇਕਾਈਆਂ ਨਾਲ ਸੰਬੰਧਤ ਵਰਤੇ ਗਏ ਵੰਨਸੁਵੰਨੇ ਰਾਗ, ਸੰਗੀਤਕ ਤੱਤ, ਬਹੁਭਾਸ਼ਾਈ ਸ਼ਬਦਾਵਲੀ, ਪ੍ਰਤੀਕ, ਅਲੰਕਾਰ, ਬਿੰਬ, ਕਾਵਿਰੂਪ, ਸ਼ੈਲੀ ਆਦਿ ਇਸ ਤੱਥ ਦੀ ਪੁਸ਼ਟੀ ਕਰਦੇ ਹਨ।

### ਸੰਗੀਤ–ਪ੍ਰਬੰਧ ਦੀ ਵੰਨਸੁਵੰਨਤਾ

ਸ੍ਰਿਸ਼ਟੀ ਦੀ ਹਰ ਰਚਨਾ ਦਾ ਆਪਣਾ ਸੁਤੰਤਰ ਵਜੂਦ, ਪਛਾਣ ਅਤੇ ਪ੍ਰਕ੍ਰਿਤੀ ਹੈ। ਇਸ ਬਹੁਰੰਗੀ ਬ੍ਰਹਿਮੰਡੀ ਪਸਾਰੇ ਵਿਚ ਦ੍ਰਿਸ਼ਟਮਾਨ ਵਿਭਿੰਨਤਾਵਾਂ, ਵਿਲੱਖਣਤਾਵਾਂ ਤੇ ਵੰਨਸੁਵੰਨਤਾਵਾਂ ਵਿਚ ਵਿਆਪਕ, ਇਕ ਸੁਰ-ਵਰਤਾਰਾ ਵਿਦਮਾਨ ਅਤੇ ਗਤੀਮਾਨ ਹੈ। ਇਹੋ ਸੁਰ-ਵਰਤਾਰਾ, ਸੰਗੀਤ ਦੇ ਅਨੁਸ਼ਾਸਨ ਵਿਚ ਰੂਪਬੱਧ ਹੋ ਕੇ ਮਾਨਵੀ ਸਮਾਜ ਤੇ ਸਭਿਆਚਾਰਕ ਵਰਤਾਰੇ ਵਿਚ ਇਕਸੁਰਤਾ ਦੇ ਸਰੋਤ ਅਤੇ ਸੂਤਰ ਦੇ ਮਾਧਿਅਮ ਵਜੋਂ ਕਾਰਜਸ਼ੀਲ ਹੁੰਦਾ ਹੈ। ਗੁਰੂ ਨਾਨਕ ਬਾਣੀ ਸਮਾਜਕ-ਸਭਿਆਚਾਰਕ ਧਰਾਤਲ ਉਤੇ ਦ੍ਰਿਸ਼ਟਮਾਨ ਦੇਸ਼ਾਂ, ਕੌਮਾਂ, ਜਾਤਾਂ, ਭਾਸ਼ਾਵਾਂ ਅਤੇ ਧਰਮਾਂ ਦੇ ਦਿਸਣਹਾਰ ਵਖਰੇਵਿਆਂ ਨੂੰ ਇਕਸੁਰਤਾ ਦੇ ਸੂਤਰ ਵਿਚ ਪ੍ਰੋਣ ਲਈ ਸੰਗੀਤ ਨੂੰ ਰੂਹਾਨੀ ਅਨੁਭਵ ਦੇ ਪ੍ਰਗਟਾਵੇ ਵਜੋਂ ਇਸਤੇਮਾਲ ਕਰਦੀ ਹੈ। ਇਸ ਦ੍ਰਿਸ਼ਟੀ ਤੋਂ ਗੁਰੂ ਨਾਨਕ ਬਾਣੀ ਦਾ ਸੰਗੀਤ-ਪ੍ਰਬੰਧ, ਵਿਲੱਖਣਤਾਵਾਂ ਅਤੇ ਵੰਨਸੁਵੰਨਤਾਵਾਂ ਨੂੰ ਇਕਸੁਰਤਾ ਪ੍ਰਦਾਨ ਕਰਨ ਲਈ ਜੀਵੰਤ ਤੇ ਸ਼ਕਤੀਸ਼ਾਲੀ ਮਾਧਿਅਮ ਵਜੋਂ ਕਾਰਜਸ਼ੀਲ ਹੈ।

ਗੁਰੂ ਨਾਨਕ ਬਾਣੀ ਦੇ ਸੰਗੀਤ-ਪ੍ਰਬੰਧ ਦੀ ਪਿੱਠਭੂਮੀ ਦੇ ਨਾਲ ਨਾਲ ਉਤਪਤੀ ਅਤੇ ਵਿਕਾਸ ਦੀ ਪ੍ਰਕਿਰਿਆ ਵਿਚ ਪੂਰਬਲੀਆਂ ਅਤੇ ਸਮਕਾਲੀਨ ਸੰਗੀਤ ਪਰੰਪਰਾਵਾਂ ਦੇ ਬਹੁਭਾਂਤੀ ਅੰਸ਼ ਕਾਰਜਸ਼ੀਲ ਅਤੇ ਸਲਾਮਤ ਹਨ। ਭਾਰਤੀ ਉਪਮਹਾਂਦੀਪ ਦੀਆਂ ਵਿਭਿੰਨ ਭੂਗੋਲਿਕ ਇਕਾਈਆਂ, ਸਭਿਆਚਾਰਕ ਵਰਗਾਂ/ਜਾਤੀਆਂ ਅਤੇ ਧਰਮ-ਪਰੰਪਰਾਵਾਂ ਨਾਲ ਸੰਬੰਧਤ ਵੰਨਸੁਵੰਨੇ ਸੰਗੀਤਕ ਤੱਤ, ਜੁਗਤਾਂ ਤੇ ਉਪਕਰਣ ਰੂਹਾਨੀ-ਵਿਸਮਾਦੀ ਪ੍ਰਵਚਨ ਦੇ ਪ੍ਰਗਟਾਅ ਅਤੇ ਪਛਾਣ-ਚਿੰਨ੍ਹਾਂ ਵਜੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਵਿਭਿੰਨ ਸਿਰਲੇਖਾਂ ਤੇ ਸੰਕੇਤਾਂ ਦੇ ਅੰਤਰਗਤ ਰਾਗੁ, ਮਹਲਾ, ਘਰੁ, ਅੰਕ, ਰਹਾਉ, ਲੋਕ-ਧੁਨਾਂ ਅਤੇ ਗਾਇਨ-ਸ਼ੈਲੀਆਂ ਦੇ ਰੂਪ ਵਿਚ ਸ਼ਾਸਤਰੀ-ਸੰਗੀਤ ਤੇ ਲੋਕ-ਸੰਗੀਤ ਦੇ ਬਹੁਭਾਂਤੇ ਸੰਗੀਤਕ ਤੱਤਾਂ ਦਾ ਪ੍ਰਯੋਗ ਗੁਰੂ ਨਾਨਕ ਬਾਣੀ ਦੀ ਨਿਵੇਕਲੀ ਪ੍ਰਗਟਾਅ-ਵਿਧੀ ਨੂੰ ਰੂਪਮਾਨ ਕਰਦਾ ਹੈ। ਇਹ ਸਾਰੇ ਸੰਗੀਤਕ ਤੱਤ, ਗੁਰੂ ਨਾਨਕ ਬਾਣੀ ਦੇ ਰੂਹਾਨੀ-ਵਿਸਮਾਦੀ ਪ੍ਰਵਚਨ ਦੀ ਰਸਾਈ, ਮਨੁੱਖੀ ਸਮਾਜ ਦੇ ਵਿਭਿੰਨ ਵਰਗਾਂ ਤਕ ਪ੍ਰਸਾਰਣ ਲਈ ਜਿਥੇ ਪ੍ਰਭਾਵਕਾਰੀ ਅਤੇ ਸਹਿਜ-ਸੰਚਾਰ ਵਾਲੀ ਪ੍ਰਗਟਾਅ-ਵਿਧੀ ਪ੍ਰਦਾਨ ਕਰਦੇ ਹਨ, ਉਥੇ ਗੁਰੂ ਨਾਨਕ ਦੇਵ ਜੀ ਦੇ ਵਿਸ਼ਾਲ ਸੰਗੀਤਕ ਗਿਆਨ ਦਾ ਬੋਧ ਵੀ ਕਰਾਉਂਦੇ ਹਨ। ਇਨ੍ਹਾਂ ਸੰਗੀਤਕ ਤੱਤਾਂ/ਰਾਗਾਂ ਦੇ ਮਾਧਿਅਮ ਦੁਆਰਾ ਗੁਰਬਾਣੀ ਦਾ ਮੂਲ-ਪ੍ਰਯੋਜਨ, ਮਾਨਵੀ ਆਤਮ ਨੂੰ ਪਰਮਸੱਚ ਦਾ ਅਨੁਭਵ-ਬੋਧ ਕਰਵਾਉਣਾ ਹੈ।

---

1. **ਸ੍ਰੀ ਗੁਰੂ ਗ੍ਰੰਥ ਸਾਹਿਬ**, ਰਾਗੁ ਤਿਲੰਗ, ਪੰਨਾ 723.
   ਸਚ ਦੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥
2. ਉਹੀ, ਪੰਨਾ 722.
   ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
3. ਉਹੀ, ਰਾਗੁ ਸੋਰਠਿ ਮਹਲਾ ੫, ਪੰਨਾ 628.
   ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥

## ਰਾਗ : ਅਰਥ ਤੇ ਪ੍ਰਕਿਰਤੀ

ਰਾਗ, ਸੰਗੀਤ ਦਾ ਕੇਂਦਰੀ ਸਜੀਵ ਤੱਤ ਹੈ। 'ਰਾਗ' ਸ਼ਬਦ 'ਰਜੂ' ਧਾਤੂ ਤੋਂ ਉਤਪੰਨ ਹੋਇਆ ਹੈ। ਇਸ ਨੂੰ 'ਰੰਗ', 'ਰੰਜ', 'ਰੰਜਨ' ਨਾਲ ਜੋੜ ਕੇ ਜੋ ਅਰਥ ਕੀਤੇ ਜਾਂਦੇ ਹਨ ਉਹ ਹਨ 'ਜਨ-ਚਿਤ-ਰੰਜਨ' ਭਾਵ ਪ੍ਰਾਣੀ ਮਾਤਰ ਨੂੰ ਵਿਸ਼ੇਸ਼ ਰੰਗ ਵਿਚ ਰੰਗਣਾ।[4] ਸੰਗੀਤ ਅਚਾਰੀਆ ਪੰਡਤ ਸਾਰੰਗ ਦੇਵ ਅਨੁਸਾਰ, ਸਵਰ-ਵਰਣ ਨਾਲ ਵਿਭੂਸ਼ਤ ਵਿਸ਼ਿਸ਼ਟ ਧੁਨੀ, ਜੋ ਜਨ-ਚਿਤ ਨੂੰ ਰੰਜਕਤਾ ਪ੍ਰਦਾਨ ਕਰਦੀ ਹੈ, ਉਸ ਨੂੰ ਰਾਗ ਆਖਦੇ ਹਨ।[5] 'ਸੰਗੀਤ ਪਾਰਿਜਾਤ' ਵਿਚ ਸੁਰਾਂ ਦੇ ਇਕ ਮਨੋਰੰਜਕ ਸਮੂਹ ਨੂੰ ਰਾਗ ਸੰਗਿਆ ਦਿੱਤੀ ਗਈ ਹੈ।[6] ਵਿਸ਼ਿਸ਼ਟ ਕ੍ਰਮ ਅਤੇ ਵਿਸ਼ਿਸ਼ਟ ਅਨੁਪਾਤ ਤੋਂ ਪ੍ਰਯੋਗ ਕੀਤੇ ਜਾਣ ਵਾਲੇ ਸੁਰਾਂ ਦਾ ਵਿਸ਼ਿਸ਼ਟ ਸਰੂਪ ਰਾਗ ਹੈ।[7] ਇਸ ਤਰ੍ਹਾਂ ਸੁਰਾਂ ਤੇ ਵਰਣਾਂ ਦੀ ਵਿਸ਼ਿਸ਼ਟ ਤਰਤੀਬ ਵਿਚ ਬੱਝੀ/ਸਜੀ ਮਨੋਰੰਜਕ, ਸੰਗੀਤਕ ਧੁਨੀ-ਰਚਨਾ, ਰਾਗ ਅਖਵਾਉਂਦੀ ਹੈ, ਜੋ ਵਿਭਿੰਨ ਪ੍ਰਕਾਰ ਦੇ ਰਸਾਂ ਦੀ ਅਨੁਭੂਤੀ ਕਰਾ ਕੇ ਸੁਣਨ ਵਾਲੇ ਦੇ ਮਨੋਭਾਵਾਂ ਨੂੰ ਆਨੰਦ ਪ੍ਰਦਾਨ ਕਰਦੀ ਹੈ।

ਰਾਗ ਆਪਣੇ ਆਪ ਵਿਚ ਇਕ ਬਹੁਵੰਨਾ ਜਾਂ ਬਹੁਭਾਂਤੀ ਵਰਤਾਰਾ ਹੈ। ਹਰ ਰਾਗ ਜਾਂ ਰਾਗ-ਪ੍ਰਕਾਰ ਵਿਚ ਵਿਸ਼ੇਸ਼ ਸੁਰਸੰਗਤੀਆਂ, ਵੱਖੋ ਵੱਖਰੇ ਅੰਦਾਜ਼ ਅਤੇ ਤਰਤੀਬ ਵਿਚ ਪੇਸ਼ ਹੋ ਕੇ ਵੰਨਸੁਵੰਨੇ ਰਸ-ਰੰਗ-ਰੂਪ ਨੂੰ ਸਿਰਜਦੀਆਂ ਹਨ। ਸੰਗੀਤ ਪਰੰਪਰਾ ਵਿਚ ਪ੍ਰਚਲਿਤ ਰਾਗ ਆਪੋ ਆਪਣੇ ਸੁਰ-ਸਰੂਪ ਰਾਹੀਂ ਅਜਿਹਾ ਵਾਤਾਵਰਨ ਸਿਰਜਦੇ ਹਨ, ਜੋ ਮਨੁੱਖੀ ਮਨ ਨੂੰ ਸੰਸਾਰਕ ਚਿੰਤਾਵਾਂ ਤੋਂ ਮੁਕਤ ਕਰਕੇ ਅਡੋਲਤਾ ਤੇ ਸ਼ਾਂਤੀ ਪ੍ਰਦਾਨ ਕਰਦਾ ਹੈ।

ਰਾਗ, ਗੁਰੂ ਨਾਨਕ ਬਾਣੀ ਦੇ ਸੰਗੀਤਕ ਪ੍ਰਗਟਾਅ-ਪ੍ਰਬੰਧ ਦਾ ਇਕ ਬੁਨਿਆਦੀ ਤੱਤ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸਮੁੱਚੇ ਸੰਪਾਦਨ-ਪ੍ਰਬੰਧ ਵਿਚ ਰਾਗ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ। ਗੁਰੂ ਨਾਨਕ ਬਾਣੀ ਵਿਚ ਵਰਤੇ ਗਏ ਰਾਗ, ਮਨੁੱਖ ਦੀਆਂ ਵਿਭਿੰਨ ਮਾਨਸਿਕ ਅਵਸਥਾਵਾਂ ਅਤੇ ਕੁਦਰਤੀ ਵਰਤਾਰੇ ਨਾਲ ਸੁਮੇਲ ਰਚਾ ਕੇ ਰੂਹਾਨੀਅਤ ਦਾ ਸੰਚਾਰ ਕਰਦੇ ਹਨ। ਗੁਰੂ ਨਾਨਕ ਬਾਣੀ ਵਿਚ ਰਾਗਾਂ ਦੁਆਰਾ ਸੰਬੰਧਤ ਸਮੇਂ ਅਤੇ ਮੌਸਮ (ਰੁੱਤ) ਦੇ ਵੰਨਸੁਵੰਨੇ ਦ੍ਰਿਸ਼ਾਂ ਦਾ ਚਿਤਰਣ ਰੂਹਾਨੀ-ਵਿਸਮਾਦੀ ਸੰਵੇਦਨਾ/ਭਾਵਾਂ ਦੇ ਸੰਚਾਰ ਲਈ ਕੀਤਾ ਗਿਆ ਹੈ। ਇਨ੍ਹਾਂ ਰਾਗਾਂ ਦੇ ਅੰਤਰਗਤ ਦਰਜ ਬਾਣੀ ਵਿਚਲੀ ਸ਼ਬਦਾਵਲੀ, ਭਾਸ਼ਾਈ ਚਿੰਨ੍ਹਾਂ, ਪ੍ਰਤੀਕਾਂ, ਬਿੰਬਾਂ, ਰੂਪਕਾਂ ਆਦਿ ਦੀ ਚੋਣ ਅਤੇ ਵਰਤੋਂ ਵੀ ਸੰਬੰਧਤ ਰਾਗ ਦੀ ਪ੍ਰਕਿਰਤੀ ਦੇ ਅਨੁਸਾਰ ਹੀ ਕੀਤੀ ਗਈ ਹੈ।

## ਰਾਗ-ਰੂਪ

ਗੁਰੂ ਨਾਨਕ ਬਾਣੀ ਵਿਚ ਪ੍ਰਯੋਗ ਹੋਏ ਰਾਗਾਂ ਦੀ ਵਿਭਿੰਨਤਾ ਅਤੇ ਸ਼ੈਲੀਗਤ ਵਿਲੱਖਣਤਾ ਦਾ ਅਧਿਐਨ, ਜਿਥੇ ਦੇਸ਼-ਕਾਲ ਦੇ ਕੈਨਵਸ ਉਤੇ ਚਿਤਰਤ ਇਕ ਦਿਲਚਸਪ ਅਤੇ ਖੂਬਸੂਰਤ ਤਸਵੀਰ ਪੇਸ਼ ਕਰਦਾ ਹੈ, ਉਥੇ ਇਨ੍ਹਾਂ ਦੀ ਮੁੱਲਵਾਨ, ਵਿਹਾਰਕ ਉਪਯੋਗਤਾ ਦਾ ਆਭਾਸ ਵੀ ਕਰਾਉਂਦਾ ਹੈ। ਗੁਰੂ ਨਾਨਕ ਬਾਣੀ ਵਿਚ 37 ਰਾਗ-ਰੂਪਾਂ ਦੀ ਵਰਤੋਂ ਹੋਈ ਦ੍ਰਿਸ਼ਟੀਗੋਚਰ ਹੁੰਦੀ ਹੈ।[8] ਇਨ੍ਹਾਂ ਵਿਚ 20 ਰਾਗ ਸ਼ੁੱਧ ਰੂਪ ਵਿਚ ਪ੍ਰਯੋਗ ਹੋਏ ਹਨ ਜੋ ਇਸ ਪ੍ਰਕਾਰ ਹਨ - ਸਿਰੀਰਾਗੁ, ਮਾਝ, ਗਉੜੀ, ਆਸਾ, ਗੂਜਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲੁ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤੁ, ਸਾਰੰਗ, ਮਲਾਰ ਅਤੇ ਪ੍ਰਭਾਤੀ।

ਉਪਰੋਕਤ 20 ਰਾਗਾਂ ਵਿਚੋਂ 10 ਰਾਗਾਂ ਦੇ 17 ਮਿਸ਼ਰਤ ਸਰੂਪ ਜਾਂ ਰਾਗ-ਪ੍ਰਕਾਰ ਹੇਠ ਲਿਖੇ ਅਨੁਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ :

---

4. ਪਾਠਕ ਸੁਨੰਦਾ (ਡਾ.), *ਹਿੰਦੁਸਤਾਨੀ ਸੰਗੀਤ ਮੇਂ ਰਾਗ ਕੀ ਉਤਪਤੀ ਏਵੰ ਵਿਕਾਸ*, (ਹਿੰਦੀ), ਪੰਨਾ 13.
5. *ਸੰਗੀਤ ਰਤਨਾਕਰ*, (ਭਾਗ 2), ਸਲੋਕ-2.
6. ਜਾਗੀਰ ਸਿੰਘ (ਡਾ.), *ਗੁਰੂ ਨਾਨਕ ਦੇਵ ਜੀ ਤੇ ਸੰਗੀਤ*, ਪੰਨਾ 39.
7. ਅੰਮ੍ਰਿਤਪਾਲ ਕੌਰ (ਡਾ.), *ਗੁਰਬਾਣੀ ਸੰਚਾਰ ਵਿਗਿਆਨ*, ਪੰਨਾ 176.
8. ਤਾਰਾ ਸਿੰਘ (ਪ੍ਰੋ.), '*ਗੁਰਬਾਣੀ ਸੰਗੀਤ ਅਤੇ ਭਾਰਤੀ ਸੰਗੀਤ ਦਾ ਤੁਲਨਾਤਮਿਕ ਅਧਿਐਨ*', ਵਿਸਮਾਦ ਨਾਦ, ਜਿਲਦ 1, ਅੰਕ 1, ਅਕਤੂਬਰ 1992, ਪੰਨਾ 22.

ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫੀ, ਵਡਹੰਸੁ ਦਖਣੀ, ਸੂਹੀ ਕਾਫ਼ੀ, ਬਿਲਾਵਲੁ ਦਖਣੀ, ਰਾਮਕਲੀ ਦਖਣੀ, ਮਾਰੂ ਕਾਫੀ, ਮਾਰੂ ਦਖਣੀ, ਬਸੰਤੁ ਹਿੰਡੋਲ, ਪ੍ਰਭਾਤੀ ਵਿਭਾਸ ਤੇ ਪ੍ਰਭਾਤੀ ਦਖਣੀ।

ਇਨ੍ਹਾਂ 17 ਮਿਸ਼ਰਤ ਰਾਗਾਂ ਵਿਚੋਂ 9 ਮਿਸ਼ਰਤ ਰਾਗ ਅਜਿਹੇ ਹਨ, ਜਿਨ੍ਹਾਂ ਦਾ ਉਪਯੋਗ ਕੇਵਲ ਗੁਰੂ ਨਾਨਕ ਬਾਣੀ ਵਿਚ ਹੀ ਉਪਲਬਧ ਹੈ :

ਗਉੜੀ ਦਖਣੀ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਵਡਹੰਸੁ ਦਖਣੀ, ਬਿਲਾਵਲੁ ਦਖਣੀ, ਰਾਮਕਲੀ ਦਖਣੀ, ਮਾਰੂ ਕਾਫੀ, ਮਾਰੂ ਦਖਣੀ ਅਤੇ ਪ੍ਰਭਾਤੀ ਦੱਖਣੀ।

ਗੁਰੂ ਨਾਨਕ ਬਾਣੀ ਦੇ ਰਾਗਾਂ/ਮਿਸ਼ਰਤ ਰਾਗਾਂ ਦੇ ਅਧਿਐਨ ਤੋਂ ਇਕ ਦਿਲਚਸਪ ਅਤੇ ਜਾਣਕਾਰੀ-ਭਰਪੂਰ ਤੱਥ ਇਹ ਉਜਾਗਰ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਬਾਣੀ ਵਿਚ ਪ੍ਰਯੋਗ ਹੋਏ ਦੱਖਣੀ ਪੱਧਤੀ ਦੇ ਛੇ ਰਾਗਾਂ ਵਿਚ ਕੇਵਲ ਗੁਰੂ ਨਾਨਕ ਸਾਹਿਬ ਦੀ ਬਾਣੀ ਹੀ ਉਪਲਬਧ ਹੈ। ਗੁਰੂ ਗ੍ਰੰਥ ਸਾਹਿਬ ਦੇ ਹੋਰ ਕਿਸੇ ਵੀ ਬਾਣੀਕਾਰ ਨੇ ਦੱਖਣੀ ਪੱਧਤੀ ਦੇ ਰਾਗਾਂ ਵਿਚ ਬਾਣੀ-ਰਚਨਾ ਨਹੀਂ ਕੀਤੀ। ਸੰਗੀਤ ਦੇ ਇਤਿਹਾਸ ਵਿਚ ਉੱਤਰੀ ਤੇ ਦੱਖਣੀ ਪੱਧਤੀਆਂ ਦਾ ਇਹ ਨਿਵੇਕਲਾ ਜੋੜਮੇਲ ਗੁਰੂ ਨਾਨਕ ਬਾਣੀ ਵਿਚੋਂ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਦੱਖਣ ਦੀ ਉਦਾਸੀ ਸਮੇਂ ਦੱਖਣੀ ਪੱਧਤੀ ਦੇ ਇਨ੍ਹਾਂ ਰਾਗਾਂ ਦੀ ਸੰਚਾਰ-ਸ਼ਕਤੀ ਨੂੰ ਪਛਾਣਿਆ ਅਤੇ ਭਿੰਨ ਭਿੰਨ ਖਿੱਤਿਆਂ ਦੇ ਭਿੰਨ ਭਿੰਨ ਸਭਿਆਚਾਰਕ ਸਮੂਹਾਂ ਵਿਚ ਬਾਣੀ-ਪ੍ਰਵਚਨ ਦੇ ਸੰਚਾਰ ਲਈ, ਮਾਧਿਅਮ ਵਜੋਂ ਪ੍ਰਯੋਗ ਕੀਤਾ। ਇਸੇ ਤਰ੍ਹਾਂ ਦੀਪਕੀ ਰਾਗ ਨੂੰ ਗਉੜੀ ਅਤੇ ਗਉੜੀ ਪੂਰਬੀ ਰਾਗ ਨਾਲ ਮਿਸ਼ਰਤ ਰੂਪ ਵਿਚ ਕੇਵਲ ਗੁਰੂ ਨਾਨਕ ਦੇਵ ਜੀ ਨੇ ਹੀ ਆਪਣੀ ਬਾਣੀ ਵਿਚ ਵਰਤਿਆ ਹੈ।

## ਰਾਗਾਂ ਦੀ ਵੰਨਸੁਵੰਨਤਾ : ਪਰੰਪਰਾਗਤ ਪਿੱਠਭੂਮੀ

ਹਰ ਰਾਗ ਦੀ ਇਤਿਹਾਸਕ ਪਿੱਠਭੂਮੀ ਕਿਸੇ ਵਿਸ਼ੇਸ਼ ਸਭਿਆਚਾਰ ਜਾਂ ਭੂਗੋਲਿਕ ਇਕਾਈ ਨਾਲ ਜੁੜੀ ਹੋਈ ਹੈ। ਗੁਰੂ ਨਾਨਕ ਬਾਣੀ ਦੇ ਬਹੁਵੰਨੇ, ਬਹੁਪਾਸਾਰੀ ਸੰਗੀਤ-ਪ੍ਰਬੰਧ ਅਤੇ ਵਿਭਿੰਨ ਇਲਾਕਿਆਂ, ਦੇਸ਼ਾਂ, ਜਾਤੀਆਂ, ਵਰਗਾਂ, ਧਾਰਮਿਕ ਪਰੰਪਰਾਵਾਂ ਆਦਿ ਨਾਲ ਸੰਬੰਧਤ ਰਾਗਾਂ ਦੇ ਨਾਵਾਂ ਅਤੇ ਵੰਨਗੀਆਂ ਤੋਂ ਇਸ ਤੱਥ ਦੀ ਪੁਸ਼ਟੀ ਅਤੇ ਪ੍ਰਗਟਾਵਾ ਭਲੀਭਾਂਤ ਹੁੰਦਾ ਹੈ। ਵੱਖ ਵੱਖ ਵਿਦਵਾਨਾਂ[9] ਵੱਲੋਂ ਕੀਤੇ ਅਧਿਐਨ ਵਿਚੋਂ ਉਜਾਗਰ ਹੁੰਦੇ ਕੁਝ ਵਿਸ਼ੇਸ਼ ਤੱਥਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

(ੳ) ਮਾਝ ਰਾਗ ਨੂੰ ਪੰਜਾਬ ਦੇ ਮਾਝਾ ਖੇਤਰ; ਗਉੜੀ ਰਾਗ ਨੂੰ ਗੌੜ (ਬੰਗਾਲ) ਦੇ ਇਲਾਕੇ, ਸੋਰਠਿ ਰਾਗ ਨੂੰ ਸੌਰਾਸ਼ਟਰ (ਗੁਜਰਾਤ); ਤਿਲੰਗ ਰਾਗ ਨੂੰ ਤਿਲੰਗਾਨਾ; ਮਾਰੂ ਰਾਗ ਨੂੰ ਰੇਤਲੀ ਮਰੂ-ਭੂਮੀ (ਰਾਜਸਥਾਨ) ਅਤੇ ਤੁਖਾਰੀ ਰਾਗ ਨੂੰ ਤੁਖਾਰ ਦੇਸ਼ (ਉੱਤਰੀ ਅਫਗਾਨਿਸਤਾਨ ਦੇ ਇਲਾਕੇ) ਨਾਲ ਸੰਬੰਧਤ ਕੀਤਾ ਜਾਂਦਾ ਹੈ। ਤੁਖਾਰ ਦੇਸ਼ ਦਾ ਬਰਫੀਲਾ ਇਲਾਕਾ ਉਸ ਵੇਲੇ ਮੁਸਲਮਾਨੀ ਹਕੂਮਤ ਦੇ ਅਧੀਨ ਸੀ।

(ਅ) ਉਪਰੋਕਤ ਰਾਗਾਂ ਵਿਚੋਂ ਤਿਲੰਗ ਰਾਗ ਮੁਸਲਿਮ ਸਮਾਜ ਵਿਚ ਕਾਫ਼ੀ ਪ੍ਰਚਲਤ ਰਾਗ ਸੀ। ਪ੍ਰਸਿੱਧ ਫ਼ਾਰਸੀ ਕਵੀ ਤੇ ਸੰਗੀਤਕਾਰ ਅਮੀਰ ਖੁਸਰੋ ਦੁਆਰਾ ਯਮਨ[10] ਦੇ ਨਾਂ ਹੇਠ ਪ੍ਰਚਲਤ ਕੀਤਾ ਕਲਿਆਣ ਰਾਗ ਵੀ ਮੁਸਲਮਾਨੀ ਸਮਾਜ ਵਿਚ ਬੇਹੱਦ ਮਕਬੂਲ ਰਾਗ ਸੀ। ਇਸੇ ਪ੍ਰਕਾਰ ਬਿਲਾਵਲ, ਸੂਹੀ ਅਤੇ ਆਸਾ ਰਾਗ ਭਾਰਤੀ ਸੂਫ਼ੀ ਫਕੀਰਾਂ ਦੇ ਮਨਭਾਉਂਦੇ ਰਾਗ ਮੰਨੇ ਜਾਂਦੇ ਸਨ।

---

9. (ੳ) ਦੇਵਿੰਦਰ ਸਿੰਘ ਵਿਦਿਆਰਥੀ (ਡਾ.), *ਗੁਰਬਾਣੀ ਦੇ ਰਾਗ : ਸੰਬੋਧ ਅਤੇ ਸਾਰਥਕਤਾ*, ਸਿਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, 1986.
(ਅ) ਤਾਰਾ ਸਿੰਘ (ਪ੍ਰੋ.), *ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
(ੲ) ਪ੍ਰੇਮ ਪ੍ਰਕਾਸ਼ ਸਿੰਘ (ਡਾ.), '*ਰਾਸ਼ਟਰੀ ਏਕਤਾ ਦੇ ਸੰਦਰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹੱਤਵ*', ਪੰਜਾਬੀ ਦੁਨੀਆ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਜਨਵਰੀ-ਫਰਵਰੀ-ਮਾਰਚ 1988, ਪੰਨਾ 126.
(ਸ) ਹਰਬੰਸ ਸਿੰਘ (ਡਾ.), *ਗੁਰੂ ਨਾਨਕ ਦੇਵ ਦੀ ਕਾਵਿ-ਕਲਾ*, ਪੰਨੇ 253-55.
(ਹ) ਕਿਰਪਾਲ ਸਿੰਘ (ਡਾ.) (ਸੰਪਾ.), *ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ-ਬਿਰਤਾਂਤ (ਭਾਗ ਦੂਜਾ)*, ਪੰਨੇ 42-46.

10. S. Bandyopadhyaya, *The Origion of Ragas*, pp. 23-24.

(ੲ) ਰਾਗ ਰਾਮਕਲੀ ਜੋਗੀਆਂ ਵਿਚ ਬੇਹੱਦ ਮਕਬੂਲ ਰਾਗ ਸੀ। ਗੁਰੂ ਨਾਨਕ ਸਾਹਿਬ ਨੇ 'ਸਿਧ ਗੋਸਟਿ' ਤੇ 'ਓਅੰਕਾਰੁ' ਬਾਣੀ ਸਮੇਤ ਜੋਗੀਆਂ ਨਾਲ ਸੰਬੰਧਤ ਅਤੇ ਸੰਬੋਧਤ ਵਧੇਰੇ ਰਚਨਾ ਇਸੇ ਰਾਗ ਵਿਚ ਰਚੀ ਹੈ।

(ਸ) ਗੂਜਰੀ ਰਾਗ ਦਾ ਨਿਕਾਸ ਗੁੱਜਰ ਕਬੀਲੇ ਅਤੇ ਭੈਰਉ ਰਾਗ ਦਾ ਭੈਰੋ ਕਬੀਲੇ ਤੋਂ ਹੋਇਆ ਮੰਨਿਆ ਜਾਂਦਾ ਹੈ।

(ਹ) ਆਸਾ ਰਾਗ ਨੂੰ ਆਸਾ ਦੇਸ਼ ਨਾਲ ਸੰਬੰਧਤ ਮੰਨਿਆ ਜਾਂਦਾ ਹੈ। ਪੁਰਾਤਨ ਕੁਝ ਹਵਾਲਿਆਂ ਵਿਚ ਸੰਕੇਤਤ ਆਸਾ ਦੇਸ਼ ਨੂੰ ਕੁਝ ਵਿਦਵਾਨ ਅਜੋਕੇ ਆਸਾਮ ਰਾਜ ਨਾਲ ਜੋੜਦੇ ਹਨ,[11] ਜਦਕਿ ਕੁਝ ਵਿਦਵਾਨ ਆਸਾ ਦੇਸ਼ ਦੇ ਇਲਾਕੇ ਨੂੰ ਪੰਜਾਬ ਨਾਲ ਸੰਬੰਧਤ ਕਰਦੇ ਹਨ।[12]

(ਕ) ਬਸੰਤ ਰਾਗ ਬਸੰਤ ਰੁੱਤ ਨਾਲ, ਮਲਾਰ ਤੇ ਸਾਰੰਗ ਰਾਗ ਵਰਖਾ ਰੁੱਤ ਨਾਲ ਅਤੇ ਪ੍ਰਭਾਤੀ ਰਾਗ ਸਵੇਰ ਸਮੇਂ ਗਾਇਨ ਕੀਤੇ ਜਾਣ ਵਾਲੇ ਰਾਗ ਹਨ।

(ਖ) ਸਾਰੰਗ, ਵਡਹੰਸ ਅਤੇ ਬਿਹਾਗੜਾ ਰਾਗਾਂ ਦਾ ਨਾਮਕਰਣ ਵੱਖ ਵੱਖ ਪੰਛੀਆਂ ਦੇ ਨਾਵਾਂ ਤੋਂ ਹੋਇਆ ਮੰਨਿਆ ਜਾਂਦਾ ਹੈ।

(ਗ) ਭਾਰਤੀ ਸੰਗੀਤ ਪਰੰਪਰਾ ਤੋਂ ਸੁਤੰਤਰ ਵਜੂਦ ਰੱਖਣ ਵਾਲੇ ਆਸਾ, ਮਾਝ, ਵਡਹੰਸ ਅਤੇ ਤੁਖਾਰੀ ਰਾਗ ਮੌਲਿਕ ਰੂਪ ਵਿਚ ਪਹਿਲੀ ਵਾਰ ਗੁਰੂ ਨਾਨਕ ਬਾਣੀ ਵਿਚ ਦ੍ਰਿਸ਼ਟੀਗੋਚਰ ਹੋਏ ਹਨ।

**ਸਾਰਅੰਸ਼**

ਇਸ ਤਰ੍ਹਾਂ ਗੁਰੂ ਨਾਨਕ ਬਾਣੀ ਨੇ ਉਤਰੀ ਤੇ ਦੱਖਣੀ ਪੱਧਤੀ ਦੇ ਰਾਗਾਂ ਦਾ ਸੁਮੇਲ, ਵੱਖ ਵੱਖ ਧਰਮ-ਪਰੰਪਰਾਵਾਂ, ਸਭਿਆਚਾਰਕ ਵਰਗਾਂ, ਕਬੀਲਿਆਂ, ਇਲਾਕਿਆਂ ਨਾਲ ਸੰਬੰਧਤ ਲੋਕਾਂ ਦੇ ਪਸੰਦੀਦਾ ਰਾਗਾਂ ਦੀਆਂ ਬਹੁਭਾਂਤੀ ਵੰਨਗੀਆਂ ਨੂੰ, ਉਨ੍ਹਾਂ ਦੀਆਂ ਤੰਗ ਵਲਗਣਾਂ ਵਿਚੋਂ ਕੱਢ ਕੇ ਸਭਿਆਚਾਰਕ ਤੇ ਰੂਹਾਨੀ-ਵਿਸਮਾਦੀ ਇਕਸੁਰਤਾ ਦੀ ਦ੍ਰਿਸ਼ਟੀ ਤੋਂ ਵਿਸ਼ਾਲਤਾ ਪ੍ਰਦਾਨ ਕੀਤੀ ਹੈ। ਭਾਰਤੀ ਉਪਮਹਾਂਦੀਪ ਦੇ ਵਿਭਿੰਨ ਸਭਿਆਚਾਰਕ ਵਰਗਾਂ ਨੂੰ ਇਕ-ਦੂਜੇ ਦੀ ਵਿਰਾਸਤ ਨਾਲ ਤੁਅੱਰਫ ਕਰਵਾ ਕੇ, ਫਿਰਕੇਬੰਦੀਆਂ ਦੀ ਚਾਰਦੀਵਾਰੀ ਤੋਂ ਬਾਹਰ ਝਾਕਣ ਲਈ ਗੁਰੂ ਨਾਨਕ ਬਾਣੀ ਵਿਚ ਸੰਗੀਤ ਦੀ ਭੂਮਿਕਾ ਨੂੰ ਮਿਸਾਲੀ ਰੂਪ ਵਿਚ ਸਥਾਪਤ ਕੀਤਾ ਗਿਆ ਹੈ। ਨਿਰਸੰਦੇਹ ਗੁਰੂ ਨਾਨਕ ਬਾਣੀ ਦੇ ਸੰਗੀਤ/ਰਾਗ-ਪ੍ਰਬੰਧ ਦੀ ਬਹੁਵਾਦੀ ਸੁਰ, ਭਿੰਨ ਭਿੰਨ ਧਰਮਾਂ ਅਤੇ ਸਭਿਆਚਾਰਾਂ ਨਾਲ ਸੰਬੰਧਤ ਲੋਕਾਂ ਦੇ ਅਵਚੇਤਨ ਵਿਚ ਬਹੁਵਾਦੀ ਚੇਤਨਾ ਨੂੰ ਜਗਾ ਕੇ ਸਾਂਝੀਵਾਲਤਾ ਦੀ ਭਾਵਨਾ ਨੂੰ ਵਿਕਸਿਤ ਕਰਨ ਦਾ ਆਧਾਰ ਬਣਦੀ ਹੈ। ਵੰਨਸੁਵੰਨਤਾਵਾਂ ਨਾਲ ਸੰਵਾਦ ਰਚਾਉਂਦੀ ਇਹ ਬਹੁਵਾਦੀ ਚੇਤਨਾ, ਹਰ ਜੁਗ ਵਿਚ ਮਾਨਵੀ ਸਮਾਜ ਦੀਆਂ ਸਰਬ ਵਿਭਿੰਨਤਾਵਾਂ ਵਿਚਕਾਰ ਧਾਰਮਿਕ ਸਹਿਨਸ਼ੀਲਤਾ, ਇਕਸੁਰਤਾ ਅਤੇ ਸਹਿਹੋਂਦੀ ਸੰਬੰਧ ਸਿਰਜਣ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਹੈ। ਦੂਜੇ ਸ਼ਬਦਾਂ ਵਿਚ ਗੁਰੂ ਨਾਨਕ ਬਾਣੀ ਦਾ ਸੰਗੀਤ-ਪ੍ਰਬੰਧ, ਮਨੁੱਖ ਦੇ ਮਨੋਸਰੀਰਕ ਸੰਗਠਨ ਵਿਚ, ਭਿੰਨਤਾਵਾਂ/ਦੂਜਿਆਂ ਨਾਲ ਅਨੁਕੂਲ ਗੌਰਵਸ਼ਾਲੀ ਰਿਸ਼ਤੇ ਕਾਇਮ ਕਰਨ ਵਾਲੇ ਰੂਹਾਨੀ-ਵਿਸਮਾਦੀ ਭਾਵਾਂ/ਸੰਵੇਦਨਾ ਨੂੰ ਸੰਚਾਰਤ ਤੇ ਪ੍ਰਫੁੱਲਤ ਕਰਨ ਵਾਲੀ ਸਮਰੱਥਾ ਨਾਲ ਸੰਜੋਇਆ ਹੋਇਆ ਹੈ।

**ਡਾਇਰੈਕਟਰ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ**
**ਇੰਸਟੀਚਿਊਟ ਆਫ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ**
**ਬਹਾਦਰਗੜ੍ਹ (ਪਟਿਆਲਾ) - 147021**

11. ਕਿਰਪਾਲ ਸਿੰਘ (ਡਾ.), *ਜਨਮਸਾਖੀ ਪਰੰਪਰਾ*, ਪੰਨਾ 64.
12. ਪਿਆਰਾ ਸਿੰਘ ਪਦਮ (ਪ੍ਰੋ.), *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਨਾ 46.

# ਭਾਈ ਗੁਰਦਾਸ ਦੀ ਦ੍ਰਿਸ਼ਟੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

**ਪ੍ਰੋ. ਨਵ ਸੰਗੀਤ ਸਿੰਘ**

ਭਾਈ ਗੁਰਦਾਸ ਜੀ ਸਿੱਖ ਧਰਮ ਵਿੱਚ ਸਿੱਖ ਗੁਰੂਆਂ ਤੋਂ ਬਾਅਦ ਇੱਕ ਸਨਮਾਨਯੋਗ ਹਸਤੀ ਹੋ ਗੁਜ਼ਰੇ ਹਨ। ਜਿਨ੍ਹਾਂ ਕਵੀਆਂ ਦੇ ਕਲਾਮ ਨੂੰ ਗੁਰਦੁਆਰਿਆਂ ਵਿੱਚ ਗਾਏ ਜਾਣ ਦੀ ਪ੍ਰਵਾਨਗੀ ਪ੍ਰਾਪਤ ਹੈ, ਉਨ੍ਹਾਂ ਵਿੱਚ ਗੁਰਬਾਣੀ ਅਤੇ ਭਾਈ ਨੰਦ ਲਾਲ ਗੋਯਾ ਤੋਂ ਇਲਾਵਾ ਭਾਈ ਗੁਰਦਾਸ ਜੀ ਦਾ ਨਾਂ ਵੀ ਸ਼ਾਮਿਲ ਹੈ। ਉਂਜ ਵੀ ਭਾਈ ਗੁਰਦਾਸ ਜੀ ਗੁਰੂ ਘਰ ਦੇ ਨਿਕਟਵਰਤੀ ਸਨ।

ਸਿੱਖ ਪੰਥ ਦੇ ਸਭ ਤੋਂ ਪਹਿਲੇ ਮਹਾਨ ਵਿਦਵਾਨ ਤੇ ਗੁਰਮਤਿ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਦੇ ਜਨਮ ਬਾਰੇ ਕੋਈ ਠੋਸ ਤੇ ਪੱਕਾ ਹਵਾਲਾ ਨਹੀਂ ਮਿਲਦਾ। ਉਨ੍ਹਾਂ ਦੇ ਜੀਵਨ ਬਾਰੇ ਸਿਰਫ ਅੰਦਾਜ਼ੇ ਹੀ ਲਗਾਏ ਗਏ ਹਨ, ਸਹੀ ਜਾਣਕਾਰੀ ਕਿਤੋਂ ਵੀ ਨਹੀਂ ਮਿਲਦੀ। ਗਿਆਨੀ ਨਰੈਣ ਸਿੰਘ ਨੇ ਉਨ੍ਹਾਂ ਦਾ ਜਨਮ 2 ਕਤਕ ਸੰਮਤ 1612 ਲਿਖਿਆ ਹੈ, ਜਦ ਕਿ ਡਾ. ਸੁਖਦਿਆਲ ਸਿੰਘ ਉਨ੍ਹਾਂ ਦਾ ਜਨਮ 1553 ਈ. ਮੰਨਦੇ ਹਨ। ਆਪ ਜੀ ਦਾ ਜਨਮ ਗੁਰੂ ਅਮਰਦਾਸ ਜੀ ਦੇ ਪਿੰਡ ਬਾਸਰਕੇ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਈਸ਼ਰ ਦਾਸ ਸੀ, ਜੋ ਗੁਰੂ ਅਮਰਦਾਸ ਜੀ ਦੇ ਚਚੇਰੇ ਭਰਾ ਸਨ। ਆਪ ਦੀ ਉਮਰ ਕਰੀਬ ਤਿੰਨ ਸਾਲ ਦੀ ਹੀ ਸੀ ਕਿ ਪਿਤਾ ਦਾ ਦੇਹਾਂਤ ਹੋ ਗਿਆ। ਆਪ ਦੇ ਮਾਤਾ ਜੀ ਆਪ ਨੂੰ ਗੁਰੂ ਅਮਰਦਾਸ ਜੀ ਦੀ ਛਤਰ- ਛਾਇਆ ਵਿੱਚ ਗੋਇੰਦਵਾਲ ਸਾਹਿਬ ਲੈ ਆਏ। ਆਪ ਰਿਸ਼ਤੇ ਵਜੋਂ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ।

ਭਾਈ ਗੁਰਦਾਸ ਜੀ ਨੂੰ ਚਾਰ ਗੁਰੂ ਸਾਹਿਬਾਨ ਦੀ ਹਜ਼ੂਰੀ ਵਿੱਚ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ (ਗਿ.ਨਰੈਣ ਸਿੰਘ ਮੁਤਾਬਕ) ਅੰਦਾਜ਼ਨ 1686 ਸੰਮਤ ਵਿੱਚ ਆਪ ਚਲਾਣਾ ਕਰ ਗਏ। ਡਾ. ਸੁਖਦਿਆਲ ਸਿੰਘ ਉਨ੍ਹਾਂ ਦੇ ਅਕਾਲ ਚਲਾਣੇ ਦੀ ਮਿਤੀ 1629 ਈ.ਮੰਨਦੇ ਹਨ। ਆਪ ਦੀ ਰਚਨਾ ਭਾਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਨਹੀਂ ਹੈ, ਪਰ ਇਸ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਮਾਣ ਪ੍ਰਾਪਤ ਹੈ:

ਗੁਰਬਾਣੀ ਦੀ ਕੁੰਜੀ ਬਾਣੀ ਜੋ ਭਾਈ ਗੁਰਦਾਸ ਵਖਾਣੀ।

ਆਪ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲੇਖਕ ਹੋਣ ਦਾ ਮਾਣ ਪ੍ਰਾਪਤ ਹੈ, ਜਿਸ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਕੀਤੀ ਸੀ। ਅਕਾਲ ਤਖਤ ਸਾਹਿਬ ਦੇ ਪਹਿਲੇ ਜਥੇਦਾਰ ਹੋਣ ਦਾ ਸੁਭਾਗ ਵੀ ਆਪ ਨੂੰ ਮਿਲਿਆ। ਆਪ ਦੀ ਪੰਜਾਬੀ ਰਚਨਾ ਵਾਰਾਂ ਦੇ ਰੂਪ ਵਿੱਚ ਮਿਲਦੀ ਹੈ, ਜਿਨ੍ਹਾਂ ਦੀ ਗਿਣਤੀ 40 ਮੰਨੀ ਗਈ ਹੈ। ਇਸ ਤੋਂ ਬਿਨਾਂ ਆਪ ਨੇ ਕੁਝ ਕਬਿੱਤ ਅਤੇ ਸਵੱਈਆਂ ਦੀ ਰਚਨਾ ਵੀ ਕੀਤੀ, ਜੋ ਬ੍ਰਜ ਭਾਸ਼ਾ ਵਿੱਚ ਹਨ।

ਆਪ ਦੀਆਂ ਵਾਰਾਂ ਵਿੱਚ ਗੁਰਬਾਣੀ ਦੇ ਗੁੱਝੇ ਭਾਵਾਂ, ਰਹੱਸਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਸਿੱਖ ਧਰਮ ਦੇ ਪ੍ਰਚਾਰਕ ਵਜੋਂ ਆਪ ਨੇ ਲਾਹੌਰ, ਆਗਰਾ, ਕਾਂਸ਼ੀ ਆਦਿ ਅਸਥਾਨਾਂ ਤੇ ਸਿੱਖ ਧਰਮ ਦਾ ਪ੍ਰਚਾਰ- ਪ੍ਰਸਾਰ ਕੀਤਾ। ਆਪ ਗੁਰਮੁਖੀ, ਬ੍ਰਜ, ਹਿੰਦੀ, ਅਰਬੀ, ਫਾਰਸੀ ਦੇ ਬਹੁਤ ਵੱਡੇ ਵਿਦਵਾਨ ਸਨ। ਸਿੱਖ ਸਿਧਾਂਤ, ਸਿੱਖ ਦਰਸ਼ਨ ਅਤੇ ਹੋਰ ਧਰਮਾਂ ਦੇ ਸਾਹਿਤ ਤੇ ਦਰਸ਼ਨ ਬਾਰੇ ਆਪ ਨੂੰ ਡੂੰਘੀ ਜਾਣਕਾਰੀ ਸੀ। ਭਾਈ ਗੁਰਦਾਸ ਦੀ ਰਚਨਾ ਨੂੰ 'ਸਿੱਖੀ ਦਾ ਰਹਿਤਨਾਮਾ' ਵਜੋਂ ਵੀ ਸਵੀਕਾਰ ਕੀਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਸਮੇਂ ਬਾਰੇ ਸਭ ਤੋਂ ਪ੍ਰਮਾਣਿਕ ਅਤੇ ਸਟੀਕ ਹਵਾਲੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਹੀ ਮਿਲਦੇ ਹਨ। ਅਸਲ ਵਿੱਚ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿੱਚ ਹੀ ਗੁਰੂ ਨਾਨਕ ਦੇਵ ਜੀ ਬਾਰੇ ਭਰਪੂਰ ਚਰਚਾ ਮਿਲਦੀ ਹੈ, ਜਦ ਕਿ ਗਿਆਰ੍ਹਵੀਂ, ਚੌਵੀਵੀਂ, ਪੱਚੀਵੀਂ ਅਤੇ ਛੱਬੀਵੀਂ ਆਦਿ ਵਾਰਾਂ ਦੀਆਂ ਵੱਖ- ਵੱਖ ਪਉੜੀਆਂ ਵਿੱਚ ਵੀ ਗੁਰੂ- ਬਾਬੇ ਬਾਰੇ ਉਲੇਖਯੋਗ ਰੂਪ ਵਿੱਚ ਚਰਚਾ ਮਿਲਦੀ ਹੈ।

ਭਾਈ ਗੁਰਦਾਸ ਦੀ ਪਹਿਲੀ ਵਾਰ ਵਿੱਚ 49 ਪਉੜੀਆਂ ਹਨ। ਇਸ ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸ੍ਰਿਸ਼ਟੀ ਰਚਨਾ, ਮਨੁੱਖਾ ਜੂਨ ਦੀ ਉਤਪਤੀ, ਚਾਰ ਯੁੱਗਾਂ ਦੀ ਸਥਾਪਨਾ, ਚਾਰ ਵਰਨਾਂ, ਹਿੰਦੂ ਮੁਸਲਮਾਨਾਂ ਦੇ ਝਗੜੇ ਆਦਿ ਦਾ ਵਰਣਨ ਕਰਨ ਪਿੱਛੋਂ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਮਹੱਤਵਪੂਰਨ ਤੱਥਾਂ ਦੀ ਨਿਸ਼ਾਨਦੇਹੀ ਕੀਤੀ ਹੈ।

ਇਨ੍ਹਾਂ ਪਉੜੀਆਂ ਵਿੱਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼, ਉਨ੍ਹਾਂ ਦਾ ਘਰੋਂ ਚੱਲਣਾ, ਉਸ ਸਮੇਂ ਦੇ ਹਾਲਾਤ ਦਾ ਵਰਣਨ, ਰਾਜਿਆਂ ਵਿੱਚ ਹਉਮੈ ਦਾ ਹੰਕਾਰ, ਗੁਰੂ ਨਾਨਕ ਦਾ ਸੁਮੇਰ ਪਰਬਤ ਤੇ ਪਹੁੰਚਣਾ, ਸਿੱਧਾਂ ਨਾਲ ਸਵਾਲ ਜਵਾਬ, ਕਲਯੁਗ ਵਿੱਚ ਹਨੇਰਗਰਦੀ ਦਾ ਵਰਣਨ, ਸਿੱਧਾਂ ਵੱਲੋਂ ਗੁਰੂ ਜੀ ਦੀ ਪ੍ਰੀਖਿਆ, ਗੁਰੂ ਜੀ ਦੇ ਮੱਕੇ ਦੀ ਯਾਤਰਾ, ਕਾਜ਼ੀਆਂ-ਮੌਲਵੀਆਂ ਵੱਲੋਂ ਗੁਰੂ ਜੀ ਨਾਲ ਬਹਿਸ, ਗੁਰੂ ਜੀ ਦੀ ਮੱਕੇ ਵਿੱਚ ਜਿੱਤ, ਗੁਰੂ ਜੀ ਦਾ ਬਗਦਾਦ ਪਹੁੰਚਣਾ, ਗੁਰੂ ਜੀ ਦੀ ਕਲਾ, ਸਤਿਨਾਮ ਦਾ ਚੱਕਰ, ਕਰਤਾਰਪੁਰ ਰਹਿਣਾ, ਸ਼ਿਵਰਾਤਰੀ ਦਾ ਮੇਲਾ, ਜੋਗੀਆਂ ਨਾਲ ਚਰਚਾ, ਸਿੱਧਾਂ ਵੱਲੋਂ ਕਰਾਮਾਤਾਂ, ਸਿੱਧਾਂ ਨਾਲ ਫੇਰ ਸਵਾਲ ਜਵਾਬ, ਸੱਚੇ ਸ਼ਬਦ ਦਾ ਪ੍ਰਤਾਪ, ਸਿੱਧਾਂ ਨੂੰ ਜਿੱਤਣਾ ਤੇ ਮੁਲਤਾਨ ਜਾਣਾ ਆਦਿ ਦਾ ਬਿਰਤਾਂਤ ਹੈ।

ਇਨ੍ਹਾਂ ਵਾਰਾਂ ਵਿੱਚ ਗੁਰੂ ਨਾਨਕ ਦੇਵ ਜੀ ਦਾ ਜਨਮ, ਜੋਤੀ ਜੋਤਿ ਦੀਆਂ ਤਰੀਕਾਂ ਅਤੇ ਉਨ੍ਹਾਂ ਦੇ ਸਕੇ-ਸਬੰਧੀਆਂ ਦਾ ਕੋਈ ਵੇਰਵਾ ਤਾਂ ਨਹੀਂ ਹੈ, ਪਰ ਗੁਰੂ ਜੀ ਦੇ ਪ੍ਰਭਾਵਸ਼ਾਲੀ ਵਿਅਕਤਿੱਤਵ ਨੂੰ ਚਿੱਤਰਿਆ ਗਿਆ ਹੈ। ਇਤਿਹਾਸਕ ਪੱਖੋਂ ਇਨ੍ਹਾਂ ਵਾਰਾਂ ਵਿੱਚ ਉਸ ਸਮੇਂ ਦੀ ਸਮਾਜਿਕ, ਧਾਰਮਿਕ, ਰਾਜਨੀਤਕ ਅਵਸਥਾ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਗਿਆ ਹੈ। ਭਾਈ ਸਾਹਿਬ ਦੱਸਦੇ ਹਨ ਕਿ ਪਰਮਾਤਮਾ ਨੇ ਦੁਖੀ ਦੁਨੀਆਂ ਦੀ ਪੁਕਾਰ ਸੁਣ ਕੇ ਉਸ ਸਮੇਂ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਤੇ ਭੇਜਿਆ। ਹਿੰਦੁਸਤਾਨ ਵਾਸੀ ਚਾਰ ਵਰਣਾਂ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਵਿੱਚ ਵੰਡੇ ਹੋਏ ਸਨ, ਪਰ ਗੁਰੂ ਨਾਨਕ ਦੇਵ ਜੀ ਨੇ ਕਲਯੁਗ ਵਿੱਚ ਅਵਤਾਰ ਧਾਰਨ ਕਰਕੇ ਦੁਨੀਆਂ ਦੇ ਲੋਕਾਂ ਨੂੰ ਸਤਿਨਾਮੁ ਦਾ ਮੰਤਰ ਦ੍ਰਿੜ੍ਹ ਕਰਵਾਇਆ ਤੇ ਇਉ ਕਲਯੁਗੀ ਲੋਕਾਂ ਦਾ ਉਧਾਰ ਕਰਨ ਦੀ ਕੋਸਿਸ਼ ਕੀਤੀ।

ਧੁਰੋਂ ਬਖ਼ਸ਼ਿਸ਼ ਪ੍ਰਾਪਤ ਸਤਿਗੁਰੂ ਨੇ ਬੜੀ ਸਖ਼ਤ ਘਾਲਣਾ ਕਰਕੇ ਦੁਨੀਆਂ ਨੂੰ ਸ਼ਾਂਤ ਕਰਨ ਦਾ ਬੀੜਾ ਚੁੱਕਿਆ ਅਤੇ ਲੋਕਾਂ ਦੀ ਪੀੜਾ ਨੂੰ ਹਰਨ ਲਈ ਚਾਰ ਉਦਾਸੀਆਂ (ਪ੍ਰਚਾਰ ਦੌਰੇ) ਕੀਤੀਆਂ। ਇਨ੍ਹਾਂ ਉਦਾਸੀਆਂ ਦੌਰਾਨ ਉਹ ਵੱਖ- ਵੱਖ ਮੱਤ- ਮਤਾਂਤਰਾਂ, ਭੇਖਾਂ, ਜਾਤਾਂ- ਪਾਤਾਂ, ਵਰਣਾਂ, ਚਿਹਨਾਂ, ਧਰਮਾਂ, ਰੰਗਾਂ, ਰੂਪਾਂ, ਨਸਲਾਂ ਦੇ ਲੋਕਾਂ ਨੂੰ ਮਿਲੇ, ਜਿਨ੍ਹਾਂ ਵਿੱਚ ਜਤੀ, ਸਤੀ, ਸਿੱਧ, ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲੇ, ਚੰਗੇ- ਮਾੜੇ ਗੁਣਾਂ ਵਾਲੇ ਸਾਰੇ ਲੋਕ ਸ਼ਾਮਿਲ ਸਨ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਅਗਿਆਨਤਾ ਰੂਪੀ ਹਨੇਰਾ ਮਿਟ ਗਿਆ ਅਤੇ ਸੱਚ ਦੇ ਸੂਰਜ ਦਾ ਪ੍ਰਕਾਸ਼ ਹੋਇਆ। ਗੁਰੂ ਜੀ ਧਰਤ ਲੋਕਾਈ ਨੂੰ ਸੋਧਣ ਲਈ ਹਿੰਦੂਆਂ ਦੇ ਤੀਰਥਾਂ ਤੇ ਗਏ, ਪਰਬਤਾਂ ਤੇ ਜਾ ਕੇ ਸਿੱਧਾਂ ਜੋਗੀਆਂ ਨਾਲ ਗੋਸ਼ਟਾਂ ਕੀਤੀਆਂ ਪਰ ਕਿਧਰੇ ਵੀ ਗੁਰਮੁਖ ਬਿਰਤੀ ਵਾਲੇ ਇਨਸਾਨ ਦੇ ਦਰਸ਼ਨ ਉਨ੍ਹਾਂ ਨੂੰ ਨਹੀਂ ਹੋਏ।

ਗੁਰੂ ਜੀ ਦੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਦਾ ਸਾਥੀ ਭਾਈ ਮਰਦਾਨਾ ਵੀ ਉਨ੍ਹਾਂ ਦੇ ਨਾਲ ਸੀ:

ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।

(ਵਾਰ 1/35)

ਭਾਰਤ ਤੋਂ ਬਾਹਰ ਗੁਰੂ ਜੀ ਨੇ ਮੁਸਲਮਾਨਾਂ ਦੇ ਪਵਿੱਤਰ ਅਸਥਾਨਾਂ ਮੱਕਾ, ਮਦੀਨਾ ਅਤੇ ਬਗ਼ਦਾਦ ਦੀ ਜ਼ਿਆਰਤ ਕੀਤੀ। ਮੌਲਾਣਿਆਂ ਤੇ ਕਾਜ਼ੀਆਂ ਨਾਲ ਚਰਚਾ ਕਰਕੇ ਉਨ੍ਹਾਂ ਨੂੰ ਧਰਮ ਦੇ ਅਸਲੀ ਅਰਥ ਦ੍ਰਿੜ੍ਹ ਕਰਵਾਏ ਅਤੇ ਉਨ੍ਹਾਂ ਦੇ ਅਭਿਮਾਨ ਨੂੰ ਚਕਨਾਚੂਰ ਕੀਤਾ। ਭਾਈ ਸਾਹਿਬ ਇਸ ਪ੍ਰਸੰਗ ਵਿੱਚ ਲਿਖਦੇ ਹਨ:

ਗੜ੍ਹ ਬਗਦਾਦ ਨਿਵਾਏ ਕੇ ਮੱਕਾ ਮਦੀਨਾ ਸਭ ਨਿਭਾਇਆ।

ਗੁਰੂ ਜੀ ਦੇ ਸਮੇਂ ਵਿੱਚ ਉੱਚੇ ਅਹੁਦੇ ਤੇ ਬੈਠੇ ਸਾਰੇ ਹੀ ਲੋਕ ਅੱਤਿਆਚਾਰੀ ਤੇ ਪਾਪੀ ਬਣ ਗਏ ਸਨ; ਗਿਆਨ ਵਿਹੂਣੇ ਲੋਕੀਂ ਕੂੜ ਤੇ ਝੂਠ ਬੋਲੀ ਜਾ ਰਹੇ ਸਨ; ਨਿਆਂ ਤੇ ਇਨਸਾਫ਼ ਕਰਨ ਵਾਲੇ ਮੁਸਲਮਾਨ ਕਾਜ਼ੀ ਰਿਸ਼ਵਤਾਂ ਲੈ ਕੇ ਗਲਤ ਫੈਸਲੇ ਕਰੀ ਜਾ ਰਹੇ ਸਨ; ਹਰ ਤਰ੍ਹਾਂ ਦੇ ਕਾਰਜ ਨੂੰ ਸਿਰਫ ਪੈਸੇ ਦੀ ਦ੍ਰਿਸ਼ਟੀ ਤੋਂ ਵੇਖਿਆ ਜਾ ਰਿਹਾ ਸੀ। ਅਜਿਹੇ ਕਲਯੁਗੀ ਸਮੇਂ ਨੂੰ ਭਾਈ ਸਾਹਿਬ ਨੇ ਬੜੇ ਹੀ ਸਟੀਕ ਢੰਗ ਨਾਲ ਅਭਿਵਿਅਕਤੀ ਦਿੱਤੀ ਹੈ:

ਕਲਿ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।

ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਆਲਾਈ।
ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ।
ਸੇਵਕ ਬੈਠਨ ਘਰਾਂ ਵਿੱਚ ਗੁਰ ਉਠ ਘਰੀਂ ਤਿਨਾੜੇ ਜਾਈ।
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ।
ਵਰਤਿਆ ਪਾਪ ਸਭਸੁ ਜਗ ਮਾਂਹੀ।

(ਵਾਰ 1/30)

ਜਿੱਥੇ ਜਿੱਥੇ ਵੀ ਗੁਰੂ ਨਾਨਕ ਦੇਵ ਜੀ ਦੇ ਮੁਬਾਰਕ ਕਦਮ ਪਏ, ਉੱਥੇ ਉੱਥੇ ਸਭ ਧਰਮਾਂ ਦੇ ਲੋਕ ਉਨ੍ਹਾਂ ਨੂੰ ਆਪੋ ਆਪਣਾ ਗੁਰੂ/ ਪੀਰ ਮੰਨਣ ਲੱਗ ਪਏ ਅਤੇ ਲੋਕਾਂ ਨੇ ਧਰਮਸ਼ਾਲਾਵਾਂ ਸਥਾਪਤ ਕਰਕੇ ਹਰਿ-ਕੀਰਤਨ ਸ਼ੁਰੂ ਕਰ ਦਿੱਤਾ:

ਘਰ ਘਰ ਬਾਬਾ ਪੂਜੀਐ ਹਿੰਦੂ ਮੁਸਲਮਾਨ ਦੁਆਈ।

(ਵਾਰ 1/34)

ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।

(ਵਾਰ 1/27)

ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ ਗੁਰੂ ਜੀ ਜਦੋਂ ਨਦੀ ਤੋਂ ਬਾਹਰ ਆਏ ਤਾਂ ਉਨ੍ਹਾਂ ਦੇ ਮੁਖਾਰਬਿੰਦ ’ਚੋਂ ਜਿਹੜਾ ਪਹਿਲਾਂ ਵਾਕ ਨਿਕਲਿਆ ਸੀ ਉਹ ਸੀ- ’’ਨਾ ਕੋ ਹਿੰਦੂ ਨਾ ਮੁਸਲਮਾਨ’’। ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਕਿ ਜੇ ਕੋਈ ਹਿੰਦੂ ਜਾਂ ਮੁਸਲਮਾਨ ਨਹੀਂ ਹੈ, ਤਾਂ ਅਸੀਂ ਕਿਸ ਨੂੰ ਮੰਨੀਏ, ਕਿਸ ਰਾਹ ਤੇ ਤੁਰੀਏ। ਗੁਰੂ ਜੀ ਨੇ ਫ਼ਰਮਾਇਆ: ਖੁਦਾ ਦੇ ਰਾਹ ਤੇ ਚੱਲੋ; ਉਹ ਨਾ ਹਿੰਦੂ ਹੈ ਨਾ ਮੁਸਲਮਾਨ। ਮੱਕੇ ਦੀ ਧਰਤੀ ਉੱਤੇ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਕਾਜ਼ੀਆਂ ਨੇ ਪੁੱਛਿਆ ਕਿ ਤੁਹਾਡੀ ਨਜ਼ਰ ਵਿੱਚ ਹਿੰਦੂ ਵੱਡਾ ਹੈ ਜਾਂ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸਾਫ਼ ਤੇ ਸਪਸ਼ਟ ਸੀ:

ਪੁੱਛਣ ਗੱਲ ਈਮਾਨ ਦੀ ਕਾਜ਼ੀ ਮੁੱਲਾਂ ਇਕੱਠੇ ਹੋਈ।
ਵੱਡਾ ਸਾਂਗ ਵਰਤਾਇਆ ਲਖ ਨ ਸਕੇ ਕੁਦਰਤ ਕੋਈ।
ਪੁੱਛਣ ਖੋਲ੍ਹ ਕਿਤਾਬ ਨੂੰ ਵੱਡਾ ਹਿੰਦੂ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।
ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲੈਨ ਨ ਢੋਈ।
ਕੱਚਾ ਰੰਗ ਕੁਸੁੰਭ ਦਾ ਪਾਣੀ ਧੋਤੈ ਥਿਰ ਨ ਰਹੋਈ।
ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕਥਾਇ ਖਲੋਈ।
ਰਾਹ ਸ਼ੈਤਾਨੀ ਦੁਨੀਆ ਗੋਈ।

(ਵਾਰ 1/33)

ਦੇਸ਼- ਵਿਦੇਸ਼ ਦਾ ਭ੍ਰਮਣ ਕਰਨ ਪਿੱਛੋਂ ਜਦੋਂ ਗੁਰੂ ਜੀ ਕਰਤਾਰਪੁਰ ਵਿਖੇ ਆਣ ਬਿਰਾਜੇ, ਤਾਂ ਉਨ੍ਹਾਂ ਨੇ ਗੁਰਿਆਈ ਦਾ ਤਿਲਕ ਭਾਈ ਲਹਿਣਾ ਜੀ ਨੂੰ ਲਾਇਆ, ਜੋ ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਵਜੋਂ ਜਾਣੇ ਗਏ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਸਿਰਫ਼ ਸਰੀਰ ਦਾ ਚੋਲ਼ਾ ਹੀ ਬਦਲਿਆ ਅਤੇ ਆਪਣੀ ਜੋਤਿ ਨੂੰ ਗੁਰੂ ਅੰਗਦ ਦੇਵ ਵਿੱਚ ਟਿਕਾ ਕੇ ਅਜਿਹੇ ਨਵੇਂ ਮੱਤ ਦੀ ਨੀਂਹ ਰੱਖੀ ਜਿਸ ਨੂੰ ਸੱਚਾ ਸੁੱਚਾ ਸਿੱਖ ਧਰਮ ਹੋਣ ਦਾ ਮਾਣ ਪ੍ਰਾਪਤ ਹੈ।

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਤੋਂ ਇਲਾਵਾ ਜਿਨ੍ਹਾਂ ਬਾਕੀ ਵਾਰਾਂ ਦੀਆਂ ਵਿਭਿੰਨ ਪਉੜੀਆਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਚਿੱਤਰਿਆ ਹੈ,

ਉੱਥੇ ਵੀ ਗੁਰੂ ਨਾਨਕ ਦੇਵ ਜੀ ਨੂੰ ਸਾਰੇ ਸੰਸਾਰ ਦੇ ਗੁਰੂ (ਜਗਤੁ ਗੁਰੂ ਗੁਰੁ ਨਾਨਕ ਦੇਉ, ਵਾਰ 24/ 2); ਜਾਹਰਾ ਪੀਰ (ਜ਼ਾਹਰ ਪੀਰ ਜਗਤੁ ਗੁਰੁ ਬਾਬਾ,ਵਾਰ 24/3); ਹਰ ਪੱਖ ਤੋਂ ਪੂਰੇ ਗੁਰੂ (ਪੂਰਾ ਸਤਿਗੁਰ ਜਾਣੀਐ ਪੂਰੈ ਪੂਰਾ ਠਾਟ ਬਣਾਯਾ,ਵਾਰ 26/16); ਗੁਣਾਂ ਦਾ ਖ਼ਜ਼ਾਨਾ, ਨਿਰਭਉ ਨਿਰਵੈਰ (ਗੁਰ ਪੂਰਾ ਨਿਰਵੈਰ ਹੈ...; ਗੁਰ ਪੂਰਾ ਨਿਰਭਉ ਸਦਾ...ਵਾਰ 26/19); ਦੀਨ ਦੁਨੀਆਂ ਦਾ ਪਾਤਸ਼ਾਹ (ਦੀਨ ਦੁਨੀਆਂ ਦਾ ਪਾਤਿਸ਼ਾਹ ਬੇਮੁਹਤਾਜ ਰਾਜ ਘਰ ਆਯਾ,ਵਾਰ 26/21) ਆਦਿ ਲਕਬਾਂ ਨਾਲ ਵਡਿਆਇਆ ਗਿਆ ਹੈ।

ਮੱਧਕਾਲੀ ਪੰਜਾਬੀ ਸਾਹਿਤ ਵਿੱਚ ਮਿਲਦੇ ਵਿਭਿੰਨ ਰੂਪਾਂ (ਜਨਮਸਾਖੀਆਂ, ਗੋਸ਼ਟਾਂ ਅਤੇ ਪਰਚੀਆਂ ਆਦਿ) ਵਿੱਚ ਜਿਵੇਂ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਇੱਕ ਪੌਰਾਣਿਕ ਤੇ ਮਿਥਿਹਾਸਿਕ ਵਿਅਕਤੀ ਵਜੋਂ ਪੇਸ਼ ਕੀਤਾ ਗਿਆ ਹੈ, ਉਹਦੀ ਥਾਂ ਤੇ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਇੱਕ ਇਤਿਹਾਸਕ ਵਿਅਕਤੀ ਦੇ ਤੌਰ ਤੇ ਚਿਤਰਿਆ ਹੈ। ਗੁਰੂ ਨਾਨਕ ਦੇਵ ਜੀ ਨੇ ਹਿੰਦੂਆਂ ਤੇ ਮੁਸਲਮਾਨਾਂ ਦੇ ਮੁਕੱਦਸ ਸਥਾਨਾਂ ਤੇ ਜਾ ਕੇ ਅਤੇ ਖਾਸ ਕਰਕੇ ਅਖੌਤੀ ਸੰਨਿਆਸੀਆਂ ਤੇ ਭੇਖੀਆਂ ਦੇ ਕੂੜੇ ਭੇਖ ਨੂੰ ਲੋਕਾਂ ਸਾਹਮਣੇ ਨੰਗਾ ਕਰਕੇ ਅਜਿਹੀ ਜ਼ਾਹਿਰੀ ਕਲਾ ਵਰਤਾਈ, ਜਿਸ ਤੋਂ ਪ੍ਰਭਾਵਿਤ ਹੋ ਕੇ ਆਮ ਲੋਕਾਂ ਅਤੇ ਸਿੱਧਾਂ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ:

ਭਯਾ ਅਨੰਦ ਜਗਤ ਵਿਚ ਕਲਿ ਤਾਰਨ ਗੁਰ ਨਾਨਕ ਆਯਾ।

(ਵਾਰ 1/37)

ਸਿੱਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ।

(ਵਾਰ 1/44)

*** ***

ਆਧਾਰ ਪੁਸਤਕਾਂ:

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
2. ਡਾ. ਸੁਖਦਿਆਲ ਸਿੰਘ, ਸ਼ਿਰੋਮਣੀ ਸਿੱਖ ਇਤਿਹਾਸ (1469- 1708), ਸੰਗਮ ਪਬਲੀਕੇਸ਼ਨਜ਼, ਸਮਾਣਾ, 2010.
3. ਸਿੱਖ ਰਹਿਤ ਮਰਯਾਦਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2018.
3. ਡਾ. ਕੁਲਦੀਪ ਕੌਰ, ਸਾਡਾ ਵਿਰਸਾ: ਗੁਰਮਤਿ ਪਰਿਪੇਖ, ਸੰਗਮ ਪਬਲੀਕੇਸ਼ਨਜ਼, ਪਟਿਆਲਾ, 2014.
4. ਡਾ. ਜਸਬੀਰ ਸਿੰਘ ਸਾਬਰ (ਸੰਪਾ.), ਸਿੱਖ ਧਰਮ ਅਧਿਐਨ, ਭਾਗ ਪਹਿਲਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013.
5. ਗਿਆਨੀ ਨਰੈਣ ਸਿੰਘ, ਵਾਰਾਂ ਭਾਈ ਗੁਰਦਾਸ ਜੀ ਸਟੀਕ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ,1988.

*****

# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302
(ਬਠਿੰਡਾ) 9417692015.

Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਭਾਈ ਮਰਦਾਨਾ ਜੀ ਦਾ ਗੁਰਮਤਿ ਸੰਗੀਤ ਨੂੰ ਯੋਗਦਾਨ

**ਅਜੈਪਾਲ ਸਿੰਘ ਚਵਿੰਡਾ**

ਗੁਰਮਤਿ ਸੰਗੀਤ ਵਿਚ ਭਾਈ ਮਰਦਾਨਾ ਜੀ ਵਾਦਕ ਕੀਰਤਨਕਾਰ ਵੱਜੋਂ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਗੁਰਮਤਿ ਸੰਗੀਤ ਪਰੰਪਰਾ ਮੱਧਕਾਲ ਤੋਂ ਲੈ ਕੇ ਵਰਤਮਾਨਕਾਲ ਤੱਕ ਦੇ ਵਿਸਤ੍ਰਿਤ ਪਾਸਾਰੇ ਵਾਲੀਵੱਡੀਜੀਵੰਤਪਰੰਪਰਾ ਹੈ ਜੋ ਆਪਣੇ ਵਿਸ਼ਿਸਟਪ੍ਰਬੰਧ ਅਤੇ ਪਾਸਾਰ ਦੀ ਮੌਲਿਕਤਾ ਸਦਕਾਭਾਰਤੀ ਸੰਗੀਤ ਦੇ ਸ਼ਾਸਤਰੀ ਬਿਖੜੇ ਬਾਜ਼ੀਆਂ ਤੋਂ ਨਿਰਲੇਪ ਰਹੀ। ਮੱਧਕਾਲੀਨ ਸੰਗੀਤ ਦੇ ਕੁਝ ਮਹੱਤਵਪੂਰਨ ਨਕਸ਼ ਇਸੇ ਪਰੰਪਰਾ ਵਿਚੋਂ ਪ੍ਰਾਪਤ ਹੁੰਦੇ ਹਨ। ਗੁਰਮਤਿ ਸੰਗੀਤ ਵਿਚ ਕੁਝ ਪ੍ਰਯੁਕਤ ਰਾਗ, ਗਾਇਨ ਰੂਪ, ਪ੍ਰਯੁਕਤ ਸਾਜ਼ ਆਦਿ ਵਿਹਾਰਕ ਰੂਪ ਵਿਚ ਇਕ ਵਿਸ਼ਾਲ ਅਮੀਰ ਸੰਗੀਤ ਵਿਰਾਸਤ ਦੇ ਧਾਰਨੀ ਹਨ ਜੋ ਸੀਨ-ਬੱਧ-ਸੀਨ ਸਿਖਲਾਈ ਵਿਵਹਾਰ ਅਤੇ ਨਿਤੱਪ੍ਰਤੀ ਦੀ ਮਰਿਯਾਦਾ ਪਰੰਪਰਾ ਦੇ ਨਿਰੰਤਰ ਰਿਆਜ਼ 'ਚੋਂ ਗੁਜ਼ਰ ਕੇ ਸਾਡੇ ਤੱਕ ਪਹੁੰਚੇ ਹਨ।ਇਸ ਪਰੰਪਰਾ ਨੂੰ ਜੀਵੰਤ ਰੂਪ ਵਿਚ ਕਾਰਜਸ਼ੀਲ ਰੱਖਣ ਵਾਲੇ ਸੰਗੀਤਕਾਰ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਸਤਿਕਾਰ ਤੇ ਸ਼ਲਾਘਾ ਦੇ ਪਾਤਰ ਰਹੇ ਹਨ ਜਿਨ੍ਹਾਂ ਨੂੰ ਭਾਈ ਦੀ ਉੱਚ-ਪਦਵੀ ਪ੍ਰਾਪਤ ਸੀ। ਸਿੱਖ ਧਰਮ ਦੇ ਪ੍ਰਥਮ ਰਬਾਬੀ ਕੀਰਤਨੀਏ ਭਾਈ ਮਰਦਾਨਾ ਜੀ ਨਾਲ ਅਟੁੱਟ ਸਾਂਝ ਅਤੇ ਸਿੱਖ ਧਰਮ ਦੇ ਵਿਚ ਬਾਣੀ ਪ੍ਰਸਤੁਤੀ ਪ੍ਰਚਾਰ ਪਾਸਾਰ ਵਿਚ ਗੁਰਮਤਿ ਸੰਗੀਤ ਦੇ ਇਹਨਾਂ ਕੀਰਤਨੀ ਪੈਰੋਕਾਰਾਂ ਦਾ ਯੋਗਦਾਨ ਵਿਸ਼ੇਸ਼ ਸਤਿਕਾਰ ਦਾ ਪਾਤਰ ਰਿਹਾ ਹੈ। ਸ਼ਬਦ ਕੀਰਤਨ ਦੁਆਰਾ ਸਦੀਆਂ ਤੋਂ ਗੁਰਸ਼ਬਦ ਸੰਦੇਸ਼ ਦਾ ਨਿਰੰਤਰ ਪ੍ਰਵਾਹ ਚਲਾਉਣ ਵਾਲੇ ਇਹਨਾਂ ਦੁਆਰਾ ਨਿਸ਼ਠਾਵਾਨ ਕੀਰਤਨਕਾਰਾਂ ਦੇ ਜੀਵਨ ਤੇ ਯੋਗਦਾਨ ਤੋਂ ਇਸ ਵਿਹਾਰਕ ਪਰੰਪਰਾ ਦੇ ਜੀਵੰਤ ਨਕਸ਼ ਸਾਡੇ ਸਾਹਮਣੇ ਪ੍ਰਗਟ ਹੁੰਦੇ ਹਨ।

**ਗੁਰਮਤਿ ਸੰਗੀਤਵਿਚ ਯੋਗਦਾਨ-** ਗੁਰਮਤਿ ਸੰਗੀਤ ਵਿਚ ਭਾਈ ਮਰਦਾਨਾ ਜੀ ਦਾ ਵਾਦਕ ਸੰਗੀਤਕਾਰ ਵੱਜੋਂ ਮਹਾਨ ਯੋਗਦਾਨ ਹੈ। ਆਪ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀਨ ਸਨ। ਭਾਈ ਮਰਦਾਨਾ ਜੀ ਦਾ ਨਾਮ ਹਮੇਸ਼ਾ ਤੋਂ ਹੀ ਗੁਰੂ ਨਾਨਕ ਦੇਵ ਜੀ ਨਾਲ ਅਤੇ ਗੁਰਮਤਿ ਸੰਗੀਤ ਨਾਲ ਜੁੜਨ ਕਾਰਨ ਸਤਿਕਾਰ ਨਾਲ ਲਿਆ ਜਾਂਦਾ ਹੈ। ਗੁਰੂ ਜੀ ਨੇ ਸਿੱਖ-ਮਾਰਗੀ ਸੰਗੀਤ ਪੱਧਤੀ ਦਾ ਆਰੰਭ ਕੀਤਾ ਅਤੇ ਸ਼ਬਦ ਕੀਰਤਨ ਦੀ ਪ੍ਰਥਾ ਚਲਾਈ। ਇਸੇ ਕੀਰਤਨ ਪ੍ਰਥਾ ਵਿਚ ਭਾਈ ਮਰਦਾਨਾ ਜੀ ਨੇ ਹਮੇਸ਼ਾਂ ਆਪਣੇ ਰਬਾਬ ਵਾਦਨ ਨਾਲ ਸੰਗਤ ਕੀਤੀ। ਇਹਨਾਂ ਦੇ ਰਬਾਬ ਦੀ ਕੀਰਤੀ ਦੂਰ-ਦੂਰ ਤੱਕ ਫੈਲ ਗਈ। ਭਾਈ ਗੁਰਦਾਸ ਜੀ ਦੀ ਵਾਰ ਵਿਚ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ।

ਫਿਰਿ ਬਾਬਾ ਗਇਆ ਬਗ਼ਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ।
ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।

-ਵਾਰ ਪਹਿਲੀ, ਪਉੜੀ 35

**ਗੁਰੂ ਜੀ ਵੱਲੋਂ ਭਾਈ ਦੀ ਪਦਵੀ ਦੇਣਾ-**ਮਰਦਾਨੇ ਦੀ ਸੰਗੀਤਕ ਪ੍ਰਤਿਭਾ ਨੂੰ ਦੇਖ ਕੇ ਗੁਰੂ ਨਾਨਕ ਦੇਵ ਜੀ ਨੇ ਆਪਨੂੰ ਭਾਈ ਦੀ ਪਦਵੀ ਦਿੱਤੀ। ਇਹੀ ਕਾਰਨ ਹੈ ਕਿ ਬਾਅਦ ਵਿਚ ਇਹਨਾਂ ਦੇ ਵੰਸ਼ ਵਿਚ ਰਬਾਬ ਵਜਾਉਣ ਵਾਲਿਆਂ ਨੂੰ ਰਬਾਬੀ ਕਿਹਾ ਜਾਣ ਲੱਗਾ ਅਤੇ ਰਬਾਬੀ ਕੀਰਤਨਕਾਰਾਂਨੂੰ ਭਾਈ ਸ਼ਬਦ ਨਾਲ ਸੰਬੋਧਨ ਕਰਕੇ ਸਤਿਕਾਰਿਆ ਗਿਆ।

ਗੁਰੂ ਜੀ ਵੱਲੋਂ ਵਿਸ਼ੇਸ਼ ਪ੍ਰਕਾਰ ਦਾ ਰਬਾਬ ਤਿਆਰ ਕਰਵਾਉਣਾ- ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਬਚਪਨ ਦੇ ਸਾਥੀ ਸਨ। ਲੋਕਾਈ ਸੋਧਣ ਲਈ ਜਦੋਂ ਗੁਰੂ ਜੀ ਨੇ ਦੇਸ਼-ਦੇਸ਼ਾਤਰਾਂ ਦੇ ਰਟਨ ਲਈ ਉਦਾਸੀਆਂ ਧਾਰੀਆਂ ਤਾਂ ਆਪਜੀ ਨੇ ਭਾਈ ਮਰਦਾਨਾ ਜੀ ਨੂੰ ਆਪਣਾ ਸਾਥੀ ਚੁਣਿਆ। ਉਹਨਾਂ ਨੇ ਭਾਈ ਮਰਦਾਨਾ ਜੀ ਨੂੰ ਭਾਈ ਫਿਰੰਦਾ ਕੋਲੋਂ ਵਿਸ਼ੇਸ਼ ਪ੍ਰਕਾਰ ਦਾ ਰਬਾਬ ਤਿਆਰ ਕਰਵਾ ਕੇ ਦਿੱਤ ਜੋ ਪ੍ਰਚਲਿਤ ਰਬਾਬਾਂ ਤੋਂ ਭਿੰਨ ਸੀ। ਗੁਰੂ ਜੀ ਉਦਾਸੀਆਂ ਸਮੇਂ ਜਿਨ੍ਹਾਂ-ਜਿਨ੍ਹਾਂ ਪੈਂਡਿਆਂ ਤੇ ਗਏ ਭਾਈ ਮਰਦਾਨਾ ਹੀ ਸੀ ਜਿਸ ਦੁਆਰਾ ਸਿਰਜਿਆ ਸੰਗੀਤ ਅਤੇ ਪ੍ਰਸਥਿਤੀਆਂ ਲੋਕਾਂਨੂੰ ਉਪਦੇਸ਼ ਦੇਣ ਵਿਚ ਸਹਾਈ ਹੋਏ।

**ਬਾਣੀ ਵਿਚ ਯੋਗਦਾਨ-**ਭਾਈ ਮਰਦਾਨਾ ਜੀ ਆਪਣੇ ਜੀਵਨ ਦੇ ਅੰਤਮ ਸਮੇਂ ਤੱਕ ਗੁਰੂ ਜੀ ਦੇ ਨਾਲ ਰਹਿ ਕੇ ਗੁਰਮਤਿ ਸੰਗੀਤ ਦੀ ਦੁਨੀਆਂ ਵਿਚ ਵਿਚਰਦੇ ਰਹੇ। ਭਾਈ ਮਰਦਾਨਾ ਜੀ ਨੇ ਜਿਥੇ ਰਬਾਬ ਨਾਲ ਗੁਰੂ ਜੀ ਦੇ ਨਾਲ ਸ਼ਬਦ ਗਾਇਨ ਦੀ ਸੰਗਤ ਕੀਤੀ ਉਥੇ ਉਹਨਾਂ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪਾਸਾਰ ਲਈ ਬਾਣੀ ਦੀ ਰਚਨਾ ਵੀ ਕੀਤੀ। ਇਹਨਾਂ ਦੇ ਤਿੰਨ ਸਲੋਕ ਬਿਹਾਗੜੇ ਦੀ ਵਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜਹਨ ਜੋ ਨਿਮਨ-ਲਿਖਤ ਹਨ-

## ਸਲੋਕੁ ਮਰਦਾਨਾ 1

(1) ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ।
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥

(2) ਮਰਦਾਨਾ 1
ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥ ।
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥

(3) ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥
ਸਤਸੰਗਤਿ ਸਿਉ ਮੇਲਾਪੁ ਹੋਇ
ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ॥3॥

ਆਦਿ ਗ੍ਰੰਥ, ਪੰਨਾ 553

**ਰਬਾਬੀ ਘਰਾਣੇ ਦੀ ਸ਼ੁਰੂਆਤ**- ਭਾਈ ਮਰਦਾਨਾ ਜੀ ਤੋਂ ਰਬਾਬੀ ਘਰਾਣੇ ਦੀ ਸ਼ੁਰੂਆਤ ਹੋਈ। ਭਾਈ ਮਰਦਾਨੇ ਦੇ ਵੰਸ਼ ਵਿਚ ਅੱਜ ਵੀ ਮਰਦਾਨੇ ਕੇ ਜਾਂ ਰਬਾਬੀ ਕਹਾਉਂਦੇ ਹਨ। ਗੁਰਮਤਿ ਸੰਗੀਤ ਵਿਚ ਭਾਈ ਮਰਦਾਨੇ ਦੀ ਇਹ ਵਡਮੁੱਲੀ ਦੇਣ ਹੈ। ਸਿੱਖ ਗੁਰੂ ਸਾਹਿਬਾਨ ਦੁਆਰਾ ਚਲਾਈ ਗੁਰਮਤਿ ਸੰਗੀਤ ਪਰੰਪਰਾ ਵਿਚ ਭਾਈ ਮਰਦਾਨੇ ਨੂੰ ਆਦਿ ਸੰਗੀਤ ਅਚਾਰੀਆ ਵੱਜੋਂ ਹਮੇਸ਼ਾਂ ਹੀ ਸਤਿਕਾਰਿਆ ਜਾਂਦਾ ਰਹੇਗਾ। ਭਾਈ ਗੁਰਦਾਸ ਜੀ ਲਿਖਦੇ ਹਨ-

ਭਲਾ ਰਬਾਬ ਵਜਾਇੰਦਾ ਮਜਲਸ ਮਰਦਨਾ ਮੀਰਾਸੀ।

ਵਾਰ 11, ਪਉੜੀ 13

ਜਦੋਂ ਵੀ ਗੁਰੂ ਨਾਨਕ ਦੇਵ ਜੀ ਨੇ ਜਗਤ-ਉਧਾਰ ਲਈ ਬਾਣੀ ਉਪਦੇਸ਼ ਉਚਾਰਨ ਕਰਨਾ ਹੁੰਦਾ ਤਾਂ ਆਪ ਜੀ ਮਰਦਾਨੇ ਨੂੰ ਸੰਬੋਧਨ ਕਰਕੇ ਕਹਿੰਦੇ ਮਰਦਾਨਿਆ ਰਬਾਬ ਛੇੜ ਬਾਣੀ ਆਈ ਆ। ਮਰਦਾਨਾ ਰਬਾਬ ਵਜਾਉਂਦਾ ਤਾਂ ਗੁਰੂ ਜੀ ਆਪਣੇ ਮੁਖਾਰਬਿੰਦ ਵਿਚੋਂ ਪ੍ਰਭੂ ਕੀਰਤੀ, ਰੱਬੀ ਬਾਣੀ ਦੁਆਰਾ ਕੀਰਤਨ ਕਰਦੇ। ਐਸੇ ਸੁਭਾਗੇ ਸਮੇਂ ਜੀਹਦੇ-ਜੀਹਦੇ ਕੰਨੀ ਵੀ ਕੀਰਤਨ ਦੀਆਂ ਧੁਨਾਂ ਪੈਂਦੀਆਂ ਪੱਥਰ ਦਿਲ ਵੀ ਪ੍ਰਭੂ ਪਿਆਰ ਵਿਚ ਭਿੱਜ ਕੇ ਦ੍ਰਵ ਜਾਂਦਾ, ਪਸ਼ੂ ਪੰਛੀ ਵੀ ਆਪਾ ਭੁਲਾ ਕੇ ਆਪਣਾ ਸੁਭਾ ਤਿਆਗ ਦਿੰਦੇ ਸਨ।

ਉਪਰੋਕਤ ਵਿਚਾਰਧਾਰਾ ਅਨੁਸਾਰ ਭਾਈ ਮਰਦਾਨਾ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਵਿਚ ਆਪਣਾ ਵਿਸ਼ੇਸ਼ ਤੇ ਮਹਾਨ ਯੋਗਦਾਨ ਪਾਇਆ। ਉਹਨਾਂ ਨੇ ਜਿਥੇ ਬਾਣੀ ਦੀ ਰਚਨਾ ਕੀਤੀ ਉਥੇ ਉਹਨਾਂ ਨੇ ਰਬਾਬ ਸਾਜ਼ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਵਾਦਕ ਕੀਰਤਨਕਾਰ ਵੱਜੋਂ ਸੰਗਤਕਰ ਕੇ ਆਪਣਾ ਵਿਸ਼ੇਸ਼ ਸਥਾਨ ਬਣਾਇਆ।

ਸਹਾਇਕ ਪ੍ਰੋ. ਸੰਗੀਤ
ਬਾਬਾ ਅਜੈ ਸਿੰਘ ਖਾਲਸਾ ਕਾਲਜ
ਗੁਰਦਾਸ ਨੰਗਲ, ਗੁਰਦਾਸਪੁਰ
ਫੋਨ-9464265464

# ਰਾਗ ਸ਼ੁੱਧ ਸਾਰੰਗ

ਸ੍ਰ.ਗੁਰਬਖਸ਼ ਸਿੰਘ

ਸ਼ੁੱਧ ਸਾਰੰਗ ਕਾਫੀ ਠਾਠ ਦਾ ਰਾਗ ਹੈ ਜਿਸ ਵਿੱਚ ਗੰਧਾਰ ਸੁਰ ਵਰਜਤ, ਦੋਵੇਂ ਮੱਧਯਮ ਅਤੇ ਬਾਕੀ ਸੁਰ ਸ਼ੁੱਧ ਹਨ। ਇਹ ਰਾਗ ਦੋ ਤਰਾਂ ਗਾਇਆ ਜਾਂਦਾ ਹੈ, ਕਈ ਬੰਦਿਸ਼ਾਂ ਵਿੱਚ ਸਿਰਫ ਸ਼ੁੱਧ ਨਿਖਾਦ ਅਤੇ ਦੂਸਰੀਆਂ ਬੰਦਿਸ਼ਾਂ ਵਿੱਚ ਦੋਵੇਂ ਨਿਖਾਦ ਵਰਤੇ ਜਾਂਦੇ ਹਨ। ਧੈਵਤ ਸੁਰ ਦਾ ਪ੍ਰਯੋਗ ਅਲਪ ਹੈ ਅਤੇ ਇੱਕ ਵਚਿੱਤ੍ਰ ਢੰਗ ਨਾਲ ਵਰਤਿਆ ਜਾਂਦਾ ਹੈ ਜਿਵੇਂ: ਨ਼ ਧ਼ ਸ ਨ਼ ਰ ਸ। ਸ਼ੁੱਧ ਮੱਧਯਮ ਨਾਲੋਂ ਤੀਵਰ ਮੱਧਯਮ ਦਾ ਪ੍ਰਯੋਗ ਘੱਟ ਹੈ।

ਆਰੋਹ ਵਿੱਚ ਤੀਵਰ ਮੱਧਯਮ ਅਤੇ ਅਵਰੋਹ ਵਿੱਚ ਕੋਮਲ ਮੱਧਯਮ ਲਿਆ ਜਾਂਦਾ ਹੈ ਪਰ ਕਦੇ ਕਦੇ ਅਵਰੋਹ ਵਿੱਚ ਜਦ ਦੋਵੇਂ ਮੱਧਯਮ ਇੱਕ ਦੂਸਰੇ ਤੋਂ ਬਾਅਦ ਲਏ ਜਾਂਦੇ ਹਨ ਤਾਂ ਰਾਗ ਦੀ ਰੰਜਕਤਾ ਵਧਦੀ ਹੈ ਪਰ ਇਸ ਤਰਾਂ ਦਾ ਪ੍ਰਯੋਗ ਬਹੁਤ ਘੱਟ ਕਰਨਾ ਚਾਹੀਦਾ ਹੈ। ਇਸ ਰਾਗ ਨੂੰ ਜਦ ਕਲਿਆਨ ਅੰਗ ਨਾਲ ਗਾਉਣਾ ਹੋਵੇ ਤਾਂ ਸਿਰਫ ਸ਼ੁੱਧ ਨਿਖਾਦ ਵਰਤਿਆ ਜਾਂਦਾ ਹੈ ਤੇ ਜਦ ਸਾਰੰਗ ਅੰਗ ਨਾਲ ਗਾਉਣਾ ਹੋਵੇ ਤਾਂ ਦੋਵੇਂ ਨਿਖਾਦ ਵਰਤੇ ਜਾਂਦੇ ਹਨ। ਪੂਰਵਾਂਗ ਵਿੱਚ ਸਾਰੰਗ ਅੰਗ ਹੀ ਰਹਿੰਦਾ ਹੈ। ਇਸ ਰਾਗ ਦਾ ਵਾਦੀ ਸੁਰ ਰਿਖਬ ਅਤੇ ਸੰਵਾਦੀ ਪੰਚਮ ਹੈ। ਸਾਰੰਗ ਦੇ ਬਹੁਤੇ ਪ੍ਰਕਾਰ ਖੜੇ ਸੁਰਾਂ ਦੇ ਰਾਗ ਹਨ ਪਰ ਇਹ ਮੀਂਢ ਪ੍ਰਧਾਨ ਹੈ। ਇਸ ਦੇ ਗਾਉਣ ਦਾ ਸਮਾਂ ਦੁਪਹਿਰ ਦਾ ਹੈ।

**ਆਰੋਹ:** ਸ [ਮ]ਰ, ਮ॑ ਪ, ਨ, ਸਂ

**ਅਵਰੋਹ:** ਸਂ ਨ ਧ ਪ, ਮ॑ ਪ ਮ ਰ, ਨ਼, ਸ

**ਮੁੱਖ ਅੰਗ:** ਨ਼ ਸ, ਰ ਮ ਰ, ਰ ਮ॑ ਪ ਮ ਰ, ਮ ਰ ਨ਼, ਸ।

**ਚਾਲ:** ਨ਼ ਸ, ਨ਼ ਸ ਨ਼ ਧ਼ ਪ਼ – ਨ਼ ਧ਼ ਨ਼ ਸ, ਨ਼ ਸ [ਮ]ਰ – ਮ ਰ ਨ਼ – ਸ, ਨ਼ ਧ਼ ਸ ਨ਼ ਰ ਸ,
ਨ਼ ਸ [ਮ]ਰ – ਮ॑ ਪ – ਮ॑ ਪ ਮ – ਰ – ਮ ਰ ਨ਼ ਸ, [ਨ]ਸ [ਮ]ਰ – ਮ॑ – ਪ – ਮ॑ ਪ ਮ ਰ – ਮ॑ ਪ
ਨ ਧ ਪ – ਧ ਮ॑ ਪ ਮ ਰ – ਮ ਰ ਨ਼ – ਸ, ਨ਼ ਸ ਰ ਮ॑ ਪ ਨ – ਸਂ, ਪ ਨ ਸਂ ਰਂ – ਮ॑ ਰਂ ਨ
ਸਂ, ਨ ਸਂ ਰਂ ਮਂ ਰਂ – ਮਂ ਰਂ ਨ ਸਂ – ਸਂ ਨ ਧ ਪ – ਧ ਮ॑ ਪ ਮ॑ ਮ ਰ – ਰ ਨ਼ ਧ਼ ਸ ਨ਼ ਰ ਸ।

## ਰਾਗ ਸ਼ੁੱਧ ਸਾਰੰਗ (ਤਿੰਨ ਤਾਲ)

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥**
**ਜਿਉ ਕਰ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥**
**ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰਿ ਧਰੋਆ॥**
**ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ॥**

ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦ ਮਤੇ ਜੇ ਕੋਆ॥
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥
ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ॥
ਗੁਰਮੁਖ ਕਲਿ ਵਿਚਿ ਪਰਗਟ ਹੋਆ ॥ (ਭਾਈ ਗੁਰਦਾਸ ਵਾ:੧, ਪ:੨੭)

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| (ਰ)ਮ | ਰ | (ਰ)ਨ਼ | ਸ | ਰ | ਮ॑ | ਪ | ਧਨ,ਸੰ | (ਸੰ)ਨ | ਪ | ਮ॑ | ਮ॑ਪ | (ਮ)ਰ | - | (ਨ)ਸ | - |
| ਸ | ਤ | ਗੁ | ਰ | ਨਾ | ਽ | ਨ | ਕ਽,਽ | ਪ੍ਰ | ਽ | ਗ | ਟਿ਽ | ਆ | ਽ | ਽ | ਽ |
| (ਸ)ਨ਼ | - | (ਸ)ਨ਼ | - | ਸ | ਸ | ਸ | ਸ | (ਮ)ਰ | ਮ॑ | ਪ | ਮ॑ਪ | (ਮ)ਰ | - | ਸ | - |
| ਮਿ | ਽ | ਟੀ | ਽ | ਧੁੰ | ਧ | ਜ | ਗ | ਚਾ | ਽ | ਨ | ਣ਽ | ਹੋ | ਽ | ਆ | ਽ |
| ੦ | | | | ੩ | | | | x | | | | ੨ | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਰ | (ਰ)ਮ॑ | ਮ॑ | ਪ | - | ਨ | ਨ | ਸੰ | ਸੰ | - | ਸੰ | ਨ | ਰੰ | ਸੰ | - |
| ਜਿ | ਉ | ਕ | ਰ | ਸੂ | ਽ | ਰ | ਜ | ਨਿ | ਕ | ਽ | ਲਿ | ਆ | ਽ | ਽ | ਽ |
| ਨ | ਸੰ | ਰੰ | ਮੰ | ਰੰ | ਸੰ | ਨ | ਸੰ | ਨ | ਪ | ਮ॑ | ਪ | (ਮ)ਰ | - | (ਨ)ਸ | - |
| ਤਾ | ਽ | ਰ | ਽ | ਛ | ਪੇ | ਽ | ਅੰ | ਧੇ | ਽ | ਰ | ਪ | ਲੋ | ਽ | ਆ | ਽ |
| ੦ | | | | ੩ | | | | x | | | | ੨ | | | |

M : +44 7443 657800

RNI Regd. No. 46788/89 ISSN 0972-2335

